


ਇੰਟਰਨੈਸ਼ਨਲ ਪੰਜਾਬੀ ਨਿਊਜ਼ ਵੀਕਲੀ

Funded by the Government of Canada | Canada

# ਪਰਵਾਸੀ

ਧਰਤੀ ਅਪਣਾ ਦੇਸ਼

www.parvasi.com
e-mail : office@parvasi.com

Toronto Edition : 905-673-0600, Fax : 905-673-6422 29 December 2023 No. 1131




Parvasi + GTA Newsline = Total 12 pages

AWARD WINNING NEWSPAPER

ਹੁਣ ਤੁਸੀਂ 'ਪਰਵਾਸੀ' Online ਵੀ ਪੜ੍ਹ ਸਕਦੇ ਹੋ

# ਕੈਨੇਡਾ ਦੀ ਸਰਕਾਰ ਨੇ ਚੁਣੌਤੀਆਂ 'ਚ ਵੀ ਹੌਸਲਾ ਨਹੀਂ ਛੱਡਿਆ : ਜਸਟਿਨ ਟਰੂਡੋ

## ਕਿਹਾ : ਆਲਮੀ ਮੰਦੀ ਨਾਲ ਟੱਕਰ ਲੈਣੀ ਸੁਖਾਲੀ ਨਹੀਂ

ਵੈਨਕੂਵਰ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪ੍ਰਧਾਨ ਮੰਤਰੀ ਅਤੇ ਪਾਰਟੀ ਲੀਡਰਸ਼ਿਪ ਤੋਂ ਪਾਸੇ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਵਿਰੋਧੀਆਂ ਵਲੋਂ ਦੇਸ਼ ਵਿਚ ਉਸ ਵਿਰੁੱਧ ਹਵਾ ਬਣਾਈ ਜਾ ਰਹੀ ਹੈ।



ਮੀਡੀਆ ਨਾਲ ਗੱਲ ਕਰਦਿਆਂ ਟਰੂਡੋ ਨੇ ਕਿਹਾ ਕਿ ਬੇਸ਼ੱਕ 2023 ਦਾ ਸਾਲ ਉਨ੍ਹਾਂ ਦੀ ਸਰਕਾਰ ਲਈ ਚੁਣੌਤੀਆਂ ਭਰਿਆ ਸੀ, ਪਰ ਉਨ੍ਹਾਂ ਨੇ ਸਿਰੜ ਤੇ ਸਿਦਕ ਕਾਇਮ ਰੱਖਦਿਆਂ ਚੁਣੌਤੀਆਂ ਸਹਿਣ ਦੇ ਨਾਲ-ਨਾਲ ਵੱਡੇ ਕੰਮ ਵੀ ਕੀਤੇ, ਜਿਨ੍ਹਾਂ ਵਿਚ ਚੋਣਾਂ 'ਚ ਵਿਦੇਸ਼ੀ ਦਖਲ ਦੀ ਜਾਂਚ ਤੇ ਮਿੱਤਰ ਦੇਸ਼ਾਂ ਨਾਲ ਸਾਂਝ ਨੂੰ ਮਜ਼ਬੂਤ ਕਰਨਾ ਪ੍ਰਮੁੱਖ ਹਨ।

ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਮੰਦੀ ਦੇ ਜਿਸ ਦੌਰ 'ਚੋਂ ਦੁਨੀਆ ਲੰਘ ਰਹੀ ਹੈ, ਉਹ ਸੁਖਾਲਾ ਨਹੀਂ, ਪਰ ਉਨ੍ਹਾਂ ਦੀ ਸਰਕਾਰ ਹਰ ਕਦਮ ਫੂਕ ਫੂਕ ਕੇ ਪੱਟਦੀ ਹੋਈ ਅੱਗੇ ਵਧ ਰਹੀ ਹੈ ਤੇ ਆਰਥਿਕਤਾ ਦੀ ਰਫਤਾਰ ਹੋਰ ਦੇਸ਼ਾਂ ਦੇ ਮੁਕਾਬਲੇ ਬਹੁਤੀ ਮੱਠੀ ਨਹੀਂ ਪੈਣ ਦਿੱਤੀ। ਇੱਕ ਸਵਾਲ ਦੇ ਜਵਾਬ 'ਚ ਜਸਟਿਨ ਟਰੂਡੋ ਨੇ ਕਿਹਾ ਕਿ ਬੇਸ਼ੱਕ ਵਿਰੋਧੀ ਆਗੂ ਪੀਅਰ ਪੋਲਿਵਰ ਵਲੋਂ ਕਾਰਬਨ ਟੈਕਸ ਨੂੰ ਵੱਡਾ ਮੁੱਦਾ ਬਣਾ ਕੇ ਪਾਰਲੀਮੈਂਟ ਅਤੇ ਹੋਰ ਥਾਵਾਂ ਤੇ ਪੇਸ਼ ਕਰਨ ਵਿਚ ਕਸਰ ਨਹੀਂ ਛੱਡੀ ਗਈ, ਪਰ ਉਨ੍ਹਾਂ ਦੀ ਸਰਕਾਰ ਨੇ ਸਮਾਜ ਦੇ ਹਰ ਵਰਗ ਅਤੇ ਖੇਤਰੀ ਲੋੜਾਂ ਵੱਲ ਉਚੇਚਾ ਧਿਆਨ ਦਿੰਦੇ ਹੋਏ ਕਾਰਗਰ ਕਦਮ ਪੁੱਟੇ ਹਨ, ਜਿਨ੍ਹਾਂ ਦੇ ਨਤੀਜੇ ਥੋੜ੍ਹੀ ਦੇਰ ਬਾਅਦ ਆਪਣੇ ਆਪ ਸਾਹਮਣੇ ਆਉਣ ਲੱਗ ਪੈਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਸਮਝਣੀਆਂ ਤੇ ਸੁਲਝਾਉਣੀਆਂ ਹੀ ਸਿਆਸਤ ਹੈ, ਜਿਸ ਲਈ ਕਈ ਵਾਰ ਦੇਰ ਤਾਂ ਲੱਗੀ, ਪਰ ਉਨ੍ਹਾਂ ਵਲੋਂ ਮੂੰਹ ਫੇਰਨ ਦੀ ਗਲਤੀ ਨਹੀਂ ਕੀਤੀ ਗਈ। ਉਨ੍ਹਾਂ ਮੰਨਿਆ ਕਿ ਬੇਸ਼ੱਕ ਸਰਕਾਰ ਦੇ ਚੰਗੇ ਕੰਮਾਂ ਦੇ ਪ੍ਰਚਾਰ ਵਿਚ ਕਮੀ ਰਹੀ, ਪਰ ਹੁਣ ਉਹ ਖੁਦ ਲੋਕਾਂ ਵਿਚ ਵਿਚਰਕੇ ਇਸ ਬਾਰੇ ਦਸਣਗੇ।

ਉਨ੍ਹਾਂ ਦੇਸ਼ ਦੇ ਚੌਕਸੀ ਵਿਭਾਗ ਦੀ ਕਾਰਗੁਜਾਰੀ ਉੱਤੇ ਫਖਰ ਮਹਿਸੂਸ ਕਰਦਿਆਂ ਕਿਹਾ ਕਿ ਅਫਸਰਾਂ ਨੇ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ ਦੇਸ਼ ਦੇ ਭੇਦ ਲੀਕ ਹੋਣ ਤੋਂ ਬਚਾਏ ਤੇ ਵਿਦੇਸ਼ੀਆਂ ਦੀ ਹਰ ਹਰਕਤ ਉੱਤੇ ਨਜ਼ਰ ਰੱਖੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਘਰਾਂ ਦੀ ਘਾਟ ਪੂਰੀ ਕਰਨ ਸਮੇਤ ਕਈ ਯੋਜਨਾਵਾਂ ਦਾ ਜ਼ਿਕਰ ਕੀਤਾ, ਜਿਸ ਲਈ ਵਿਸ਼ੇਸ਼ ਕਦਮ ਚੁੱਕੇ ਜਾਣ ਦਾ ਦਾਅਵਾ ਕੀਤਾ।

ਪਤਨੀ ਤੋਂ ਵੱਖ ਹੋਣ ਬਾਰੇ ਪੁੱਛੇ ਜਾਣ 'ਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਬੱਚਿਆਂ ਦੇ ਚੰਗੇ ਭਵਿੱਖ ਲਈ ਅੱਕ ਚੱਬਣਾ ਗਲਤੀ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਵੱਖ ਹੋਣ ਤੋਂ ਬਾਅਦ ਉਹ ਹੋਰ ਸਕਾਰਾਮਿਕ ਤੇ ਊਰਜਾਵਾਨ ਹੋਏ ਹਨ।

# ਇੱਕਲੇਪਣ ਤੇ ਤਣਾਅ ਨਾਲ ਜੂਝ ਰਹੇ ਹਨ 34% ਕੈਨੇਡੀਅਨ

ਓਟਵਾ/ਬਿਊਰੋ ਨਿਊਜ਼ : ਕ੍ਰਿਸਮਸ ਤੋਂ ਕੁੱਝ ਦਿਨ ਪਹਿਲਾਂ ਕਰਵਾਏ ਗਏ ਇੱਕ ਨਵੇਂ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਹਰੇਕ ਤੀਜੇ ਵਿਅਕਤੀ ਨੇ ਇਹ ਆਖਿਆ ਕਿ ਉਹ ਇੱਕਲੇਪਣ ਤੇ ਤਣਾਅ ਤੋਂ ਪ੍ਰਭਾਵਿਤ ਹਨ। ਨੌਜਵਾਨਾਂ ਵਿੱਚ ਇਹ ਅੰਕੜਾ ਜ਼ਿਆਦਾ ਪਾਇਆ ਗਿਆ।

ਮੰਗਲਵਾਰ ਨੂੰ ਮਾਰੂ ਪਬਲਿਕ ਓਪੀਨੀਅਨ ਵੱਲੋਂ ਜਾਰੀ ਕੀਤੇ ਗਏ ਸਰਵੇਖਣ ਵਿੱਚ ਪਾਇਆ ਗਿਆ ਕਿ 34 ਫੀਸਦੀ ਲੋਕ ਛੁੱਟੀਆਂ ਦੌਰਾਨ ਇੱਕਲਾਪਣ ਤੇ ਤਣਾਅ ਮਹਿਸੂਸ ਕਰਦੇ ਹਨ ਜਦਕਿ 11 ਫੀਸਦੀ ਨੇ ਆਖਿਆ ਕਿ ਉਹ ਇਹ ਆਸ ਕਰਦੇ ਹਨ ਕਿ ਉਨ੍ਹਾਂ ਨੂੰ ਕੋਈ ਦਿਲਾਸਾ ਤੇ ਹੌਸਲਾ ਦੇਣ ਵਾਲਾ ਹੋਵੇ।



18 ਤੋਂ 34 ਸਾਲ ਦਰਮਿਆਨ ਉਮਰ ਵਰਗ ਦੇ ਲੋਕਾਂ ਵਿੱਚੋਂ 54 ਫੀਸਦੀ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਇੱਕਲਤਾ ਤੇ ਤਣਾਅ ਕਾਫੀ ਮਹਿਸੂਸ ਹੁੰਦਾ ਹੈ। 35 ਤੋਂ 54 ਸਾਲ ਦੇ ਉਮਰ ਵਰਗ ਦੇ 36 ਫੀ ਸਦੀ ਲੋਕਾਂ ਦਾ ਇਹੋ ਵਿਚਾਰ ਸੀ।

ਇਸ ਹਾਲੀਡੇਅ ਸੀਜ਼ਨ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 44 ਫੀਸਦੀ ਲੋਕ, ਜਿਹੜੇ ਸਾਲ ਵਿੱਚ 50,000 ਡਾਲਰ ਤੋਂ ਵੀ ਘੱਟ ਕਮਾਉਂਦੇ ਹਨ, ਦਾ ਮੰਨਣਾ ਹੈ ਕਿ ਉਹ ਕਾਫੀ ਇੱਕਲਤਾ ਤੇ ਉਦਾਸੀ ਮਹਿਸੂਸ ਕਰਦੇ ਹਨ। ਜਿਹੜੇ ਲੋਕ ਵੱਧ ਪੈਸੇ ਕਮਾਉਂਦੇ ਹਨ ਉਨ੍ਹਾਂ ਦੀ ਇਹ ਮਨੋਦਸ਼ਾ ਘੱਟਦੀ ਜਾਂਦੀ ਹੈ। ਓਨਟਾਰੀਓ ਦੇ 40 ਫੀ ਸਦੀ ਲੋਕਾਂ ਵਿੱਚ ਇਸ ਤਰ੍ਹਾਂ ਦੇ ਨਕਾਰਾਤਮਕ ਖਿਆਲ ਪਾਏ ਗਏ ਅਲਬਰਟਾ ਤੇ ਕਿਊਬਿਕ ਦੇ 32 ਫੀ ਸਦੀ ਲੋਕਾਂ ਵਿੱਚ ਤੇ ਮੈਨੀਟੋਬਾ, ਸਸਕੈਚਵਨ ਤੇ ਬ੍ਰਿਟਿਸ਼ ਕੋਲੰਬੀਆ ਦੇ 27 ਫੀਸਦੀ ਲੋਕਾਂ ਵਿੱਚ ਇਸ ਤਰ੍ਹਾਂ ਦੀ ਮਨੋਦਸ਼ਾ ਪਾਈ ਗਈ। ਜੇ ਕੋਈ ਸੰਕਟ ਵਿੱਚ ਹੋਵੇ ਤਾਂ ਉਹ ਕੈਨੇਡਾ ਦੀ ਸਿਊਸਾਈਡ ਕ੍ਰਾਈਸਿਸ ਹੈਲਪਲਾਈਨ 988 ਉੱਤੇ ਕਾਲ ਜਾਂ ਟੈਕਸਟ ਕਰ ਸਕਦਾ ਹੈ।

# ਛੁਰੇਬਾਜ਼ੀ ਮਗਰੋਂ ਪੰਜ ਨੌਜਵਾਨਾਂ ਨੂੰ ਲਿਆ ਗਿਆ ਹਿਰਾਸਤ ਵਿੱਚ

ਟੋਰਾਂਟੋ/ਬਿਊਰੋ ਨਿਊਜ਼ : ਬੌਕਸਿੰਗ ਡੇਅ ਵਾਲੇ ਦਿਨ ਡਾਊਨਟਾਊਨ ਦੇ ਇੰਟਰਸੈਕਸ਼ਨ ਨੇੜੇ ਇੱਕ ਨੌਜਵਾਨ ਦੇ ਹੱਥ ਉੱਤੇ ਚਾਕੂ ਨਾਲ ਵਾਰ ਕਰਨ ਦੇ ਮਾਮਲੇ ਵਿੱਚ ਟੋਰਾਂਟੋ ਪੁਲਿਸ ਵੱਲੋਂ ਪੰਜ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਅਜੇ ਇਨ੍ਹਾਂ ਪੰਜਾਂ ਉੱਤੇ ਚਾਰਜ਼ਿਜ਼ ਨਹੀਂ ਲਾਏ ਗਏ।



ਛੁਰੇਬਾਜ਼ੀ ਦੀ ਖਬਰ ਦੇ ਕੇ ਪੁਲਿਸ ਅਧਿਕਾਰੀਆਂ ਨੂੰ ਯੰਗ ਤੇ ਡੰਡਾਸ ਸਟਰੀਟਸ ਉੱਤੇ ਦੁਪਹਿਰੇ 3:00 ਵਜੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਥੇ ਉਨ੍ਹਾਂ ਨੂੰ ਇੱਕ ਨੌਜਵਾਨ ਜਖਮੀ ਹਾਲਤ ਵਿੱਚ ਮਿਲਿਆ, ਉਸ ਦੇ ਹੱਥ ਉੱਤੇ ਚਾਕੂ ਨਾਲ ਵਾਰ ਕੀਤਾ ਗਿਆ ਸੀ। ਇਸ ਮਗਰੋਂ ਪੰਜ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਬੌਕਸਿੰਗ ਡੇਅ ਵਾਲੇ ਦਿਨ ਲੋਕ ਡਾਊਨਟਾਊਨ ਵਿੱਚ ਸ਼ਾਪਿੰਗ ਲਈ ਪਹੁੰਚੇ ਹੋਏ ਸਨ।

# ਕਾਰਜੈਕਿੰਗ ਕਰਨ ਵਾਲੇ ਟੋਰਾਂਟੋ ਦੇ 20 ਸਾਲਾ ਵਿਅਕਤੀ ਨੂੰ ਪੁਲਿਸ ਨੇ ਕੀਤਾ ਚਾਰਜ

ਟੋਰਾਂਟੋ/ਬਿਊਰੋ ਨਿਊਜ਼ : ਐਜੈਕਸ ਏਰੀਆ ਵਿੱਚ ਕਾਰਜੈਕਿੰਗ ਕਰਨ, ਗੱਡੀ ਨੂੰ ਰੁੱਖ ਵਿੱਚ ਮਾਰਨ ਤੇ ਫਿਰ ਦੋ ਹੋਰ ਕਾਰਾਂ ਚੋਰੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਟੋਰਾਂਟੋ ਦੇ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਦਰਹਾਮ ਰੀਜਨਲ ਪੁਲਿਸ ਸਰਵਿਸ ਨੇ ਦੱਸਿਆ ਕਿ ਇਹ ਘਟਨਾ 23 ਦਸੰਬਰ ਨੂੰ ਦੁਪਹਿਰੇ 3:00 ਵਜੇ ਤੋਂ ਬਾਅਦ ਵਾਪਰੀ।




ਪੁਲਿਸ ਅਧਿਕਾਰੀਆਂ ਨੂੰ ਐਜੈਕਸ ਵਿੱਚ ਬੇਅਲੀ ਸਟਰੀਟ ਵੈਸਟ ਤੇ ਕਿਟਨੇ ਡਰਾਈਵ ਇਲਾਕੇ ਦੇ ਪਾਰਕਿੰਗ ਲੌਟ ਵਿੱਚ ਸੱਦਿਆ ਗਿਆ।

ਇੱਥੇ ਇੱਕ ਵਿਅਕਤੀ ਦੂਜੇ ਵਿਅਕਤੀ ਕੋਲ ਗਿਆ ਤੇ ਉਸ ਨੇ ਗੱਡੀ ਵਿੱਚ ਸਵਾਰ ਲੋਕਾਂ ਨੂੰ ਇਹ ਆਖਦਿਆਂ ਹੋਇਆਂ ਗੱਡੀ ਵਿੱਚੋਂ ਉਤਰਨ ਲਈ ਕਿਹਾ ਕਿ ਉਸ ਕੋਲ ਹਥਿਆਰ ਹੈ। ਪੁਲਿਸ ਨੇ ਦੱਸਿਆ ਕਿ ਫਿਰ ਗੱਡੀ ਵਿੱਚ ਸਵਾਰ ਹੋ ਕੇ ਮਸਕੂਕ ਉਸ ਇਲਾਕੇ ਤੋਂ ਫਰਾਰ ਹੋ ਗਿਆ ਤੇ ਥੋੜ੍ਹੀ ਹੀ ਦੂਰੀ ਉੱਤੇ ਉਸ ਨੇ ਗੱਡੀ ਇੱਕ ਰੁੱਖ ਵਿੱਚ ਜਾ ਮਾਰੀ। ਜਦੋਂ ਨੇੜਿਓਂ ਲੰਘ ਰਹੇ ਵਿਅਕਤੀ ਨੇ ਉਸ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮਸਕੂਕ ਨੇ ਉਸ ਦੀ ਗੱਡੀ ਨੂੰ ਵੀ ਕਾਰਜੈਕ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਉਹ ਕਾਮਯਾਬ ਨਹੀਂ ਹੋ ਸਕਿਆ ਤੇ ਉੱਥੋਂ ਪੈਦਲ ਹੀ ਫਰਾਰ ਹੋ ਗਿਆ। ਇਸ ਤੋਂ ਬਾਅਦ ਦਰਹਾਮ ਕੇ 9 ਤੇ ਰੌਬਰੀ ਯੂਨਿਟ ਨੇ ਪ੍ਰੋਵਿੰਸੀਅਲ ਕਾਰਜੈਕਿੰਗ ਟਾਸਕ ਫੋਰਸ ਦੇ ਨਾਲ ਰਲ ਕੇ ਇਲਾਕੇ ਦੀ ਛਾਣਬੀਣ ਕੀਤੀ ਤੇ ਟੋਰਾਂਟੋ ਦੇ 20 ਸਾਲਾ ਰਿਕਾਰਡੋ ਨਿਊਵੈੱਲ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਆਖਿਆ ਕਿ ਜਿੰਨੀ ਦੇਰ ਉਨ੍ਹਾਂ ਨੂੰ ਨਿਊਵੈੱਲ ਨੂੰ ਲੋਕੇਟ ਕਰਨ ਵਿੱਚ ਲੱਗੀ ਓਨੀ ਦੇਰ ਵਿੱਚ ਹੀ ਉਸ ਨੇ ਤੀਜੇ ਵਿਅਕਤੀ ਤੋਂ ਗੱਡੀ ਖੋਹਣ ਦੀ ਕੋਸਿਸ ਕਰ ਲਈ।

20 ਸਾਲਾ ਨਿਊਵੈੱਲ ਉੱਤੇ ਡਾਕਾ ਮਾਰਨ, ਜੁਰਮ ਕਰਨ ਦੇ ਇਰਾਦੇ ਨਾਲ ਹਥਿਆਰ ਰੱਖਣ, ਭੇਸ ਬਦਲਣ, ਜੁਰਮ ਦੌਰਾਨ ਹਥਿਆਰ ਦੀ ਵਰਤੋਂ ਕਰਨ ਤੇ ਰਲੀਜ ਆਰਡਰ ਮੁਕੰਮਲ ਕਰਨ ਵਿੱਚ ਅਸਫਲ ਰਹਿਣ ਦੇ ਚਾਰਜਿਜ ਲਾਏ ਗਏ ਹਨ।

# ਓਨਟਾਰੀਓ ਦੇ ਸਕੂਲਾਂ 'ਚ ਬੰਬ ਹੋਣ ਦੀਆਂ ਧਮਕੀਆਂ ਦੇਣ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ



ਓਨਟਾਰੀਓ/ਬਿਊਰੋ ਨਿਊਜ਼ : ਨਵੰਬਰ ਦੇ ਸ਼ੁਰੂ ਵਿੱਚ ਓਨਟਾਰੀਓ ਵਿੱਚ ਬੰਬ ਸਬੰਧੀ ਕਈ ਧਮਕੀਆਂ ਦੇਣ ਵਾਲੇ ਮੋਰਾਕੋ ਦੇ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਪਹਿਲੀ ਨਵੰਬਰ ਨੂੰ ਪ੍ਰੋਵਿੰਸ ਦੇ ਉੱਤਰੀ ਤੇ ਪੂਰਬੀ ਏਰੀਆ ਵਿੱਚ ਸਥਿਤ ਕਈ ਧਾਰਮਿਕ ਤੇ ਗੈਰ ਧਾਰਮਿਕ ਸਕੂਲਾਂ ਖਿਲਾਫ ਇਹ ਧਮਕੀਆਂ ਦਿੱਤੀਆਂ ਗਈਆਂ। ਇਹ ਵੀ ਦੱਸਿਆ ਗਿਆ ਕਿ ਕੁੱਝ ਪਬਲਿਕ ਫੈਸਿਲੀਟੀਜ ਨੂੰ ਵੀ ਧਮਕੀਆਂ ਦਿੱਤੀਆਂ ਗਈਆਂ। ਓਨਟਾਰੀਓ ਪ੍ਰੋਵਿੰਸੀਅਲ ਪੁਲਿਸ (ਓਪੀਪੀ) ਅਨੁਸਾਰ ਕਿਸੇ ਵਿਅਕਤੀ ਵੱਲੋਂ ਇਨ੍ਹਾਂ ਥਾਂਵਾਂ ਉੱਤੇ ਧਮਾਕਾਖੇਜ਼ ਸਮੱਗਰੀ ਹੋਣ ਦੀ ਜਾਣਕਾਰੀ ਦੇਣ ਬਦਲੇ ਪੈਸੇ ਦੀ ਮੰਗ ਕੀਤੀ ਜਾਂਦੀ ਸੀ।

ਇਸ ਤਰ੍ਹਾਂ ਦੀਆਂ ਧਮਕੀਆਂ ਮਿਲਣ ਤੋਂ ਬਾਅਦ ਜਦੋਂ ਪੁਲਿਸ ਵੱਲੋਂ ਇਨ੍ਹਾਂ ਬਿਲਡਿੰਗਾਂ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਨੂੰ ਉੱਥੇ ਨਾ ਹੀ ਧਮਾਕਾਖੇਜ਼ ਸਮੱਗਰੀ ਮਿਲੀ ਤੇ ਨਾ ਹੀ ਅਜਿਹੀ ਕੋਈ ਡਿਵਾਈਸ ਮਿਲੀ। ਪੁਲਿਸ ਨੇ ਦੱਸਿਆ ਕਿ ਅਹਿਤਿਆਤਨ ਬਿਲਡਿੰਗਾਂ ਨੂੰ ਖਾਲੀ ਜਰੂਰ ਕਰਵਾਇਆ ਗਿਆ ਤੇ ਜਾਂ ਫਿਰ ਉਨ੍ਹਾਂ ਨੂੰ ਪੂਰਾ ਦਿਨ ਬੰਦ ਰੱਖ ਕੇ ਜਾਂਚ ਕੀਤੀ ਗਈ। ਪੁਲਿਸ ਨੇ ਦੱਸਿਆ ਕਿ ਨਵੰਬਰ ਦੇ ਅਖੀਰ ਵਿੱਚ ਹੀ ਮੋਰਾਕੋ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ। ਪੁਲਿਸ ਨੇ ਆਖਿਆ ਕਿ ਉਨ੍ਹਾਂ ਕੋਲ ਇਸ ਗੱਲ ਦੇ ਪੁਖਤਾ ਸਬੂਤ ਹਨ ਕਿ ਇਹ ਵਿਅਕਤੀ ਹੀ ਇਨ੍ਹਾਂ ਧਮਕੀਆਂ ਲਈ ਜ਼ਿੰਮੇਵਾਰ ਸੀ।

27 ਦਸੰਬਰ ਨੂੰ ਪੁਲਿਸ ਨੇ ਦੱਸਿਆ ਕਿ ਮਸਕੂਕ ਜਿਸ ਦੀ ਪਛਾਣ ਕੈਸਾਬਲੈਂਕਾ ਦੇ 45 ਸਾਲਾ ਅਲ ਹਾਕਮ ਅਲ ਮੌਸੀ ਵਜੋਂ ਹੋਈ ਹੈ, ਨੂੰ ਇਸ ਜਾਂਚ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ। ਇਸ ਵਿਅਕਤੀ ਨੂੰ ਧਮਕੀਆਂ ਦੇਣ, ਸ਼ਰਾਰਤ ਕਰਨ ਤੇ ਜਬਰਨ ਵਸੂਲੀ ਵਰਗੇ ਚਾਰਜਿਜ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮੋਰਾਕੋ ਦੇ ਇਸ ਵਿਅਕਤੀ ਨੂੰ ਓਨਟਾਰੀਓ ਦੀ ਅਦਾਲਤ ਸਾਹਮਣੇ ਕਿਸ ਤਰ੍ਹਾਂ ਪੇਸ਼ ਕੀਤਾ ਜਾਵੇ ਇਸ ਲਈ ਓਪੀਪੀ ਫੈਡਰਲ ਡਿਪਾਰਟਮੈਂਟ ਆਫ ਜਸਟਿਸ ਦੀ ਸਲਾਹ ਲੈ ਰਹੀ ਹੈ।

# ਟੀਟੀਸੀ ਬੱਸ ਤੇ ਗੱਡੀ ਦਰਮਿਆਨ ਟੱਕਰ ਵਿਚ ਤਿੰਨ ਵਿਅਕਤੀ ਹੋਏ ਜ਼ਖ਼ਮੀ

ਸਕਾਰਬਰੋ/ਬਿਊਰੋ ਨਿਊਜ਼ : ਕ੍ਰਿਸਮਸ ਤੋਂ ਪਹਿਲਾਂ ਵਾਲੀ ਸ਼ਾਮ ਨੂੰ ਸਕਾਰਬਰੋ ਵਿਚ ਇਕ ਗੱਡੀ ਦੇ ਟੀਟੀਸੀ ਬੱਸ ਨਾਲ ਟਕਰਾ ਜਾਣ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਇਹ ਹਾਦਸਾ ਮਾਰਖਮ ਰੋਡ ਦੇ ਪੱਛਮ ਵੱਲ ਹੈਵਨਵਿਊ ਰੋਡ ਉਤੇ ਸ਼ੈਪਰਡ ਐਵੀਨਿਊ ਈਸਟ 'ਤੇ ਸ਼ਾਮੀਂ ਸਾਢੇ 5 ਵਜੇ ਦੇ ਨੇੜੇ ਤੇੜੇ ਵਾਪਰਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਗੱਡੀ ਦੇ ਡਰਾਈਵਰ ਨੂੰ ਕਾਫੀ ਸੱਟਾਂ ਲੱਗੀਆਂ।



ਪੈਰਾਮੈਡਿਕਸ ਸਰਵਿਸਿਜ਼ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਡਰਾਈਵਰ ਗੰਭੀਰ ਰੂਪ ਵਿਚ ਜ਼ਖ਼ਮੀ ਸੀ, ਪਰ ਉਸਦੀ ਹਾਲਤ ਜਾਨਲੇਵਾ ਨਹੀਂ ਸੀ। ਪੁਲਿਸ ਨੇ ਦੱਸਿਆ ਕਿ ਬੱਸ ਵਿਚ ਸਵਾਰ ਕਈ ਵਿਅਕਤੀਆਂ ਨੂੰ ਸੱਟਾਂ ਲੱਗੀਆਂ। ਦੋ ਹੋਰ ਮਾਮੂਲੀ ਜ਼ਖ਼ਮੀ ਵਿਅਕਤੀਆਂ ਨੂੰ ਵੀ ਹਸਪਤਾਲ ਲਿਜਾਇਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਨਿੱਕੀ ਸੇਡਾਨ ਦੀ ਬੱਸ ਨਾਲ ਆਹਮੋ ਸਾਹਮਣੇ ਟੱਕਰ ਹੋਈ। ਉਸਦੇ ਸਾਹਮਣੇ ਵਾਲੇ ਹਿੱਸੇ ਨੂੰ ਕਾਫੀ ਨੁਕਸਾਨ ਪਹੁੰਚਿਆ। ਮਾਰਖਮ ਤੇ ਹੈਵਨਵਿਊ ਰੋਡਜ਼ ਦਰਮਿਆਨ ਸੈਪਰਡ ਐਵੀਨਿਊ ਦੀਆਂ ਪੱਛਮ ਵਾਲੀਆਂ ਲੇਨਜ਼ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਪੁਲਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


















# ਕ੍ਰਿਸਮਸ ਮੌਕੇ ਟਰੂਡੋ ਨੇ ਕੈਨੇਡੀਅਨਾਂ ਨੂੰ ਰਲ ਮਿਲ ਕੇ ਰਹਿਣ ਦਾ ਦਿੱਤਾ ਸੁਨੇਹਾ

## ਕਿਹਾ : ਗੁਆਂਢੀਆਂ ਨੂੰ ਵੀ ਉਸੇ ਤਰ੍ਹਾਂ ਪਿਆਰ ਕਰੋ ਜਿਵੇਂ ਅਸੀਂ ਖੁਦ ਨਾਲ ਕਰਦੇ ਹਾਂ

ਓਟਵਾ/ਬਿਊਰੋ ਨਿਊਜ਼ : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕ੍ਰਿਸਮਸ ਮੌਕੇ ਕੈਨੇਡੀਅਨਜ ਨੂੰ ਦਿੱਤੇ ਸੁਨੇਹੇ ਵਿੱਚ ਆਖਿਆ ਹੈ ਕਿ ਇਸ ਕ੍ਰਿਸਮਸ ਸਾਨੂੰ ਆਪਣੇ ਮਤਭੇਦਾਂ ਨੂੰ ਭੁਲਾ ਕੇ ਇੱਕ ਦੂਜੇ ਨਾਲ ਰਲ ਕੇ ਰਹਿਣਾ ਚਾਹੀਦਾ ਹੈ।

ਕ੍ਰਿਸਮਸ ਮੌਕੇ ਦਿੱਤੇ ਆਪਣੇ ਭਾਸਣ ਵਿੱਚ ਟਰੂਡੋ ਨੇ ਆਖਿਆ ਕਿ ਆਪਣੇ ਗੁਆਂਢੀਆਂ ਨੂੰ ਵੀ ਉਸੇ ਤਰ੍ਹਾਂ ਪਿਆਰ ਕਰੋ ਜਿਵੇਂ ਅਸੀਂ ਖੁਦ ਨਾਲ ਕਰਦੇ ਹਾਂ। ਉਨ੍ਹਾਂ ਇਹ ਵੀ ਆਖਿਆ ਕਿ ਔਖੇ ਵੇਲਿਆਂ ਵਿੱਚੋਂ ਲੰਘ ਰਹੇ ਕੈਨੇਡੀਅਨਜ਼ ਦੀ ਵੀ ਸਾਨੂੰ ਮਦਦ ਕਰਨੀ ਚਾਹੀਦੀ ਹੈ। ਇਸ ਸਾਲ ਜਿਹੜੇ ਇੱਕਲਿਆਂ ਛੁੱਟੀਆਂ ਗੁਜਾਰ ਰਹੇ ਹਨ ਉਨ੍ਹਾਂ ਨਾਲ ਵੀ ਸਾਨੂੰ



ਤਿਓਹਾਰ ਦੇ ਇਸ ਮੌਸਮ ਦਾ ਨਿੱਘ ਸਾਂਝਾ ਕਰਨਾ ਚਾਹੀਦਾ ਹੈ।

ਟਰੂਡੋ ਨੇ ਆਖਿਆ ਕਿ ਯਿਸੂ ਮਸੀਹ ਦੇ ਜਨਮ ਦੀਆਂ ਖ਼ੁਸ਼ੀਆਂ ਮਨਾ ਰਹੇ ਕ੍ਰਿਸਚੀਅਨਜ਼ ਨੂੰ ਇਸ ਦੌਰਾਨ ਫਰਾਖਦਿਲੀ, ਰਹਿਮਦਿਲੀ ਤੇ ਆਸ ਵਰਗੀਆਂ ਕਦਰਾਂ ਕੀਮਤਾਂ ਨੂੰ ਵੀ ਆਪਣੇ ਜੀਵਨ ਵਿੱਚ ਉਤਾਰਨਾ ਚਾਹੀਦਾ ਹੈ।

ਟਰੂਡੋ ਨੇ ਮਿਲਟਰੀ ਮੈਂਬਰਜ, ਫਰਸਟ ਰਿਸਪਾਂਡਰਜ ਤੇ ਵਾਲੰਟੀਅਰਜ ਦਾ ਉਚੇਚਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਕਿਸੇ ਹੋਰ ਦੀਆਂ ਛੁੱਟੀਆਂ ਬਿਹਤਰ ਬਣਾਉਣ ਲਈ ਆਪਣਾ ਕੀਮਤੀ ਸਮਾਂ ਦਿੰਦੇ ਹਨ।

ਉਨ੍ਹਾਂ ਸਾਰੇ ਕੈਨੇਡੀਅਨਜ ਨੂੰ ਨਵੇਂ ਸਾਲ ਮੌਕੇ ਵੀ ਕਮਿਊਨਿਟੀਜ਼, ਦੇਸ ਤੇ ਦੁਨੀਆਂ ਨੂੰ ਸਾਰਿਆਂ ਲਈ ਬਿਹਤਰ ਬਣਾਉਣ ਦੀ ਅਪੀਲ ਕੀਤੀ।

# ਲੋੜਵੰਦ ਸੀਨੀਅਰਾਂ ਨੂੰ ਘਰਾਂ ਵਿਚ ਰਾਸ਼ਨ ਤੇ ਹੋਰ ਸਹਾਇਤਾ ਪਹੁੰਚਾਉਣ ਲਈ 'ਸੇਵਾ ਫ਼ੂਡ ਬੈਂਕ' ਨੂੰ ਮਿਲੀ ਫ਼ੰਡਿਗ : ਸੋਨੀਆ ਸਿੱਧੂ

ਬਰੈਂਪਟਨ/ਬਿਊਰੋ ਨਿਊਜ਼ : ਹਰੇਕ ਸੀਨੀਅਰ ਨੂੰ ਸਿਹਤ, ਸੁਰੱਖ਼ਿਆ ਅਤੇ ਸਵੈਮਾਣ ਲੋੜੀਂਦਾ ਹੈ। ਸਾਡੇ ਸੀਨੀਅਰਾਂ ਨੂੰ ਆਪਣੀ ਕਮਿਊਨਿਟੀ ਵਿਚ ਅਤੇ ਆਪਣੇ ਘਰ ਵਿਚ ਆਪਣੀ ਉਮਰ ਦਾ ਅਖ਼ੀਰਲਾ ਪੜਾਅ ਆਰਾਮ ਨਾਲ ਗੁਜ਼ਾਰਨ ਅਤੇ ਇਸ ਦੀ ਚੋਣ ਕਰਨ ਦਾ ਪੂਰਾ ਹੱਕ ਹੈ। ਇਸ ਦੇ ਲਈ ਕੈਨੇਡਾ ਸਰਕਾਰ ਨੇ ਉਨਾਂ ਲਈ 'ਏਜ ਵੈੱਲ ਐਟ ਹੋਮ' ਨਾਂ ਦੀ ਸਕੀਮ ਤਿਆਰ ਕੀਤੀ ਹੈ। ਇਹ ਪ੍ਰੋਗਰਾਮ ਸੀਨੀਅਰ ਬਜ਼ੁਰਗਾਂ ਨੂੰ ਉਨਾਂ ਦੇ ਘਰਾਂ ਵਿਚ ਲੋੜੀਂਦੀਆਂ ਸਹੂਲਤਾਂ ਪਹੁੰਚਾਉਣ ਲਈ ਕਮਿਊਨਿਟੀ ਸੰਸਥਾਵਾਂ ਨੂੰ ਨਵੇਂ ਦਿਸਹੱਦੇ ਪ੍ਰਦਾਨ ਕਰਦਾ ਹੈ ਅਤੇ ਵਾਲੰਟੀਅਰਾਂ ਨੂੰ ਇਸ ਦੇ ਲਈ ਉਤਸ਼ਾਹਿਤ ਕਰਦਾ ਹੈ।



ਸੀਨੀਅਰਾਂ ਲਈ ਉਨਾਂ ਦੇ ਘਰਾਂ ਵਿਚ ਰਾਸ਼ਨ ਅਤੇ ਹੋਰ ਲੋੜੀਂਦੀਆਂ ਵਸਤਾਂ ਪਹੁੰਚਾਉਣ ਲਈ ਫ਼ੈੱਡਰਲ ਸਰਕਾਰ ਵੱਲੋਂ ਮਿਸੀਸਾਗਾ ਵਿਚ 'ਸੇਵਾ ਫ਼ੂਡ ਬੈਂਕ' ਲਈ 4,65,841 ਡਾਲਰ ਦੀ ਫ਼ੰਡਿੰਗ ਦਾ ਐਲਾਨ ਕੀਤਾ ਗਿਆ ਹੈ। ਇਹ ਪ੍ਰਾਜੈੱਕਟ ਵਾਲੰਟੀਅਰ ਆਧਾਰ 'ਤੇ ਮਿਸੀਸਾਗਾ, ਬਰੈਂਪਟਨ ਅਤੇ ਓਨਟਾਰੀਓ ਦੇ ਹੋਰ ਸ਼ਹਿਰਾਂ ਵਿਚ ਘੱਟ ਆਮਦਨ ਵਾਲੇ ਬਜ਼ੁਰਗਾਂ ਅਤੇ ਵਡੇਰੀ ਉਮਰ ਪੱਖੋਂ ਅਪਾਹਜ ਲੋਕਾਂ ਲਈ ਸੇਵਾਵਾਂ ਮੁਹੱਈਆ ਕਰਵਾਏਗਾ। ਇਸ ਦੇ ਬਾਰੇ ਆਪਣਾ ਪ੍ਰਤੀਕਰਮ ਦੱਸਦਿਆਂ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ, "ਜਦੋਂ ਸੀਨੀਅਰ ਆਪਣਾ ਬੁਢਾਪਾ ਆਪਣੇ ਘਰਾਂ ਵਿਚ ਆਜ਼ਾਦਾਨਾ ਤੌਰ 'ਤੇ ਗੁਜ਼ਾਰਨ ਲਈ ਤਿਆਰ ਹਨ ਅਤੇ ਉਹ ਆਪਣੀਆਂ ਕਮਿਊਨਿਟੀਆਂ ਨਾਲ ਜੁੜੇ ਰਹਿਣਾ ਚਾਹੁੰਦੇ ਹਨ ਜਿੱਥੇ ਉਨਾਂ ਨੇ ਜਵਾਨੀ ਵੇਲੇ ਵੱਡਾ ਯੋਗਦਾਨ ਪਾਇਆ ਹੈ ਤਾਂ ਸਰਕਾਰ ਵੱਲੋਂ ਉਨਾਂ ਦੀ ਸਹਾਇਤਾ ਕਰਨੀ ਬਣਦੀ ਹੈ।"

'ਮੀਲਜ਼ ਫਾਰ ਸੀਨੀਅਰਜ਼ ਪ੍ਰਾਜੈੱਕਟ' ਦੀ ਚੋਣ ਸਾਲ 2022 ਦੀਆਂ ਗਰਮੀਆਂ ਵਿਚ 'ਏਜ ਵੈੱਲ ਐਟ ਹੋਮ' ਨਾਂ ਦੇ 'ਇਨ-ਹੋਮ ਪਾਇਲਟ ਪ੍ਰਾਜੈੱਕਟ' ਲਈ ਲੋਕਾਂ ਕੋਲੋਂ ਲਏ ਗਏ ਮਸ਼ਵਰਿਆਂ ਤੋਂ ਬਾਅਦ ਕੀਤੀ ਗਈ ਸੀ। ਜਾਰੀ ਕੀਤੀ ਜਾ ਰਹੀ 39.6 ਮਿਲੀਅਨ ਡਾਲਰਾਂ ਦੀ ਫ਼ੰਡਿੰਗ ਨਾਲ ਕੈਨੇਡਾ-ਭਰ ਵਿਚ 71 ਪਾਇਲਟ ਪ੍ਰਾਜੈੱਕਟਾਂ ਲਈ ਘੱਟ ਆਮਦਨੀ ਵਾਲੇ ਸੀਨੀਅਰਾਂ ਅਤੇ ਉਮਰ ਨਾਲ ਅਪਾਹਜ ਹੋਏ ਬਜ਼ੁਰਗਾਂ ਲਈ ਸਹਾਇਤਾ ਪਹੁੰਚਾਈ ਜਾਏਗੀ। ਬਜ਼ੁਰਗਾਂ ਲਈ ਇਸ ਸਮੇਂ ਚੱਲ ਰਹੀਆਂ ਸੇਵਾਵਾਂ ਨੂੰ ਹੋਰ ਬੇਹਤਰ ਬਨਾਉਣ ਲਈ 22.2 ਮਿਲੀਅਨ ਡਾਲਰ ਦੀ ਫ਼ੰਡਿੰਗ 21 ਸੰਸਥਾਵਾਂ ਨੂੰ ਦਿੱਤੀ ਜਾਏਗੀ ਜਿਹੜੀਆਂ ਇਸ ਸਮੇਂ ਇਹ ਸੇਵਾਵਾਂ ਨਵੇਂ ਪ੍ਰੋਵਿੰਸਾਂ ਤੇ ਟੈਰੀਟਰੀਆਂ ਵਿਚ ਬਜ਼ੁਰਗਾਂ ਨੂੰ ਘਰਾਂ ਵਿਚ ਮੁਹੱਈਆ ਕਰਵਾ ਰਹੀਆਂ ਹਨ। ਇਹ ਫ਼ੰਡਿੰਗ ਲੈ ਰਹੀਆਂ ਸੰਸਥਾਵਾਂ ਕੈਨੇਡਾ ਦੇ ਸੀਨੀਅਰਾਂ ਦੇ ਜੀਵਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀਆਂ ਹਨ।

ਆਪਣੇ ਵੱਖ-ਵੱਖ ਪ੍ਰਾਜੈੱਕਟਾਂ ਰਾਹੀਂ ਉਹ ਉਨਾਂ ਨੂੰ ਖਾਣਾ ਤਿਆਰ ਕਰਨ, ਆਪਣੇ ਘਰ ਚਲਾਉਣ ਜਾਂ ਉਨਾਂ ਦੀ ਆਵਾਜਾਈ ਵਿਚ ਅਤੇ ਲੋੜਵੰਦ ਸੀਨੀਅਰਾਂ ਨੂੰ ਇਹ ਸੇਵਾਵਾਂ ਸਥਾਨਕ ਏਰੀਏ ਵਿਚ ਉਪਲੱਬਧ ਹੋਣ ਦੇ ਪਤੇ ਲੱਭਣ ਵਿਚ ਮਦਦ ਕਰ ਰਹੀਆਂ ਹਨ।

ਇਹ ਪ੍ਰਾਜੈੱਕਟ ਸੀਨੀਅਰਾਂ ਦੇ ਵੱਖ-ਵੱਖ ਗਰੁੱਪ ਜਿਨਾਂ ਵਿਚ ਘੱਟ ਆਮਦਨ ਵਾਲੇ ਸੀਨੀਅਰਜ਼, ਕਾਲ਼ੇ ਅਤੇ ਹੋਰ ਜਾਤੀਆਂ ਦੇ ਲੋਕ, ਕੈਨੇਡਾ ਦੇ ਪੁਰਾਤਨ ਵਾਸੀ (ਇੰਡੀਜੀਨੀਅਸ ਕੈਨੇਡੀਅਨਜ਼), ਕੈਨੇਡਾ ਵਿਚ ਨਵੇਂ ਆਉਣ ਵਾਲੇ ਅਤੇ ਇਸ ਦੇ ਦੂਰ-ਦੁਰੇਢੇ ਪਿੰਡਾਂ ਵਿਚ ਰਹਿਣ ਵਾਲੇ ਘੱਟ ਗਿਣਤੀ ਵਾਲੇ ਲੋਕ ਜਿਹੜੇ ਅੰਗਰੇਜ਼ੀ ਜਾਂ ਫਰੈਂਚ ਤੋਂ ਇਲਾਵਾ ਹੋਰ ਬੋਲੀਆਂ ਬੋਲਦੇ ਹਨ, ਸਾਰੇ ਹੀ ਸ਼ਾਮਲ ਹਨ, ਦੀ ਲੋੜੀਂਦੀ ਸਹਾਇਤਾ ਕਰਨਗੇ।

ਇਸ ਦੇ ਨਾਲ ਹੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਸਮੂਹ ਕੈਨੇਡਾ-ਵਾਸੀਆਂ ਨੂੰ ਕ੍ਰਿਸਮਸ ਦੇ ਸ਼ੁਭ-ਤਿਓਹਾਰ ਅਤੇ ਨਵੇਂ ਸਾਲ 2024 ਦੀ ਆਮਦ ਦੀਆਂ ਮੁਬਾਰਕਾਂ ਵੀ ਸਾਂਝੀਆਂ ਕਰਦੇ ਹਨ।

ਇਹ ਨਵਾਂ ਸਾਲ 2024 ਸਾਰਿਆਂ ਲਈ ਨਵੀਆਂ ਖ਼ੁਸ਼ੀਆਂ ਅਤੇ ਉਮੰਗਾਂ ਲੈ ਕੇ ਆਏ।







# 60 ਸਾਲਾ ਵਿਅਕਤੀ ਦੀ ਸ਼ੱਕੀ ਮੌਤ ਕਾਰਨ ਬਾਈਕ ਸਵਾਰ ਦੀ ਭਾਲ ਕਰ ਰਹੀ ਪੁਲਿਸ




ਟੋਰਾਂਟੋ/ਬਿਊਰੋ ਨਿਊਜ਼ : ਟੋਰਾਂਟੋ ਪੁਲਿਸ ਵਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਮੰਗਲਵਾਰ ਸਵੇਰੇ ਰੇਨਸੈਸਵਾਲਜ਼ ਵਿਖੇ ਬਾਈਕ 'ਤੇ ਜਾਂਦੇ ਸਮੇਂ ਕਿਸੇ ਚੀਜ਼ ਨਾਲ ਟਕਰਾ ਜਾਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ।

ਸਵੇਰੇ 9:05 ਵਜੇ ਦੇ ਨੇੜੇ ਤੇੜੇ ਪੁਲਿਸ ਨੂੰ ਹਮਲੇ ਦੀ ਖਬਰ ਦੇ ਕੇ ਸੱਦਿਆ ਗਿਆ ਤੇ ਦੱਸਿਆ ਗਿਆ ਕਿ ਇਕ 60 ਸਾਲਾ ਵਿਅਕਤੀ ਬਾਈਕ ਉਤੇ ਜਾ ਰਿਹਾ ਸੀ, ਜਦੋਂ ਕਿਸੇ ਨੇ ਉਸ 'ਤੇ ਕਿਸੇ ਚੀਜ਼ ਨਾਲ ਹਮਲਾ ਕਰ ਦਿੱਤਾ। ਹਮਲੇ ਤੋਂ ਬਾਅਦ ਉਹ ਵਿਅਕਤੀ ਬੇਸੁੱਧ ਹੋ ਗਿਆ ਤੇ ਉਸ ਨੂੰ ਐਮਰਜੈਂਸੀ ਰੇਨ ਰਾਹੀਂ ਹਸਪਤਾਲ ਲਿਜਾਇਆ ਗਿਆ। ਇੰਸਪੈਕਟਰ ਪੀਟਰ ਵਹਿਬੀ ਨੇ ਦੁਪਹਿਰੇ 1:00 ਵਜੇ ਦੱਸਿਆ ਕਿ ਹਸਪਤਾਲ ਵਿਚ ਇਸ ਵਿਅਕਤੀ ਦੀ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਇਹ ਅਚਨਚੇਤੀ ਕੀਤਾ ਗਿਆ ਹਮਲਾ ਸੀ ਤੇ ਇਸ ਨੂੰ ਸ਼ੱਕੀ ਮੰਨ ਕੇ ਪੁਲਿਸ ਕਤਲ ਦੇ ਮਾਮਲੇ ਵਜੋਂ ਇਸਦੀ ਜਾਂਚ ਕਰ ਰਹੀ ਹੈ। ਪੁਲਿਸ ਦਾ ਮੰਨਣਾ ਹੈ ਕਿ ਹਮਲੇ ਤੋਂ ਪਹਿਲਾਂ ਮਸ਼ਕੂਕ ਅਤੇ ਮਾਰੇ ਗਏ ਵਿਅਕਤੀ ਵਿਚ ਤਕਰਾਰ ਹੋਈ ਹੋਵੇਗੀ।

ਮਸ਼ਕੂਕ ਅਜੇ ਵੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹੈ। ਪੁਲਿਸ ਵਲੋਂ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਮਸ਼ਕੂਕ ਆਪਣੇ 40ਵਿਆਂ ਵਿਚ ਹੈ, ਉਸਦਾ ਕੱਦ ਕਰੀਬ 5 ਫੁੱਟ 9 ਇੰਚ, ਕੱਦਕਾਠੀ ਦਰਮਿਆਨੀ, ਵਾਲਾਂ ਦਾ ਰੰਗ ਭੂਰਾ ਤੇ ਉਸ ਨੇ ਕਾਲੀ ਜੈਕੇਟ, ਕਾਲੀ ਪੈਂਟ ਪਾਈ ਹੋਈ ਹੈ। ਉਹ ਬਾਈਕ ਉਤੇ ਸੀ।

## ਪੰਜਾਬ ਦੇ 24 ਸਾਲਾ ਨੌਜਵਾਨ ਦੀ ਬਰੈਂਪਟਨ 'ਚ ਦਿਮਾਗ ਦੀ ਨਸ ਫਟਣ ਕਾਰਨ ਹੋਈ ਮੌਤ



ਬਰੈਂਪਟਨ : ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਸਰਹੱਦੀ ਸਹਿਰ ਡੇਰਾ ਬਾਬਾ ਨਾਨਕ ਦੇ ਪਿੰਡ ਮਸਰਾਲਾ ਦੇ 24 ਸਾਲਾ ਨੌਜਵਾਨ ਦੀ ਕੈਨੇਡਾ ਵਿਚ ਮੌਤ ਹੋ ਗਈ।

ਮ੍ਰਿਤਕ ਦੀ ਪਹਿਚਾਣ ਅਮਨਪਾਲ ਸਿੰਘ ਵਜੋਂ ਹੋਈ ਹੈ। ਜੋ 2019 ਵਿਚ ਸਟੱਡੀ ਵੀਜ਼ੇ 'ਤੇ ਕੈਨੇਡਾ ਆਇਆ ਸੀ। ਮ੍ਰਿਤਕ ਭਾਰਤ ਆਉਣ ਲਈ ਆਪਣਾ ਸਮਾਨ ਪੈਕ ਕਰ ਰਿਹਾ ਸੀ। ਇਸ ਦੌਰਾਨ ਦਿਮਾਗ ਦੀ ਨਾੜੀ ਫਟ ਗਈ ਅਤੇ ਕੰਨਾਂ ਵਿਚੋਂ ਖ਼ੂਨ ਵਹਿਣ ਲੱਗਾ। ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਪਿਤਾ ਨਿਸ਼ਾਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਅਮਨਪਾਲ ਸਿੰਘ (ਗੋਪੀ) ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਖੇ ਸਟੱਡੀ ਵੀਜੇ 'ਤੇ ਪੜ੍ਹਨ ਗਿਆ ਸੀ।

ਕੁਝ ਮਹੀਨੇ ਪਹਿਲਾਂ ਸਤੰਬਰ 2023 ਵਿੱਚ ਉਹ ਆਪਣੇ ਪਰਿਵਾਰ ਨੂੰ ਮਿਲਣ ਲਈ ਪਿੰਡ ਮਸਰਾਲਾ ਆਇਆ ਸੀ।

ਇਹ ਖਬਰ ਮਿਲਦੇ ਹੀ ਡੇਰਾ ਬਾਬਾ ਨਾਨਕ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ। ਲੋਕ ਵੱਡੀ ਗਿਣਤੀ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰ ਰਹੇ ਹਨ।

## ਸਟੌਕਯਾਰਡ ਨੇੜੇ ਅੱਗ ਲੱਗਣ ਕਾਰਨ ਇਕ ਵਿਅਕਤੀ ਦੀ ਹੋਈ ਮੌਤ



ਟੋਰਾਂਟੋ/ਬਿਊਰੋ ਨਿਊਜ਼ : ਐਤਵਾਰ ਸਵੇਰੇ ਸਟੌਕਯਾਰਡ ਨੇੜੇ ਅੱਗ ਲੱਗਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ। ਫਾਇਰ ਕ੍ਰਿਊ ਨੂੰ ਤੜਕੇ 4:08 ਉਤੇ ਵੈਸਟਨ ਰੋਡ ਤੇ ਸੇਂਟ ਕਲੇਅਰ ਐਵੀਨਿਊ ਵੈਸਟ ਨੇੜੇ ਮੈਕਕੌਰਮੈਕ ਸਟਰੀਟ ਉਤੇ ਕਈ ਟਰੈਕਟਰ ਟਰੇਲਰਜ਼ ਨੂੰ ਲੱਗੀ ਅੱਗ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਟੋਰਾਂਟੋ ਫਾਇਰ ਚੀਫ਼ ਮੈਥਿਊ ਪੈਗ ਨੇ ਦੱਸਿਆ ਕਿ ਸਰਚ ਤੇ ਰੈਸਕਿਊ ਅਪਰੇਸ਼ਨ ਦੌਰਾਨ ਫਾਇਰ ਫਾਈਟਰਜ਼ ਨੂੰ ਇਥ ਸਟੋਰੇਜ ਟਰੇਲਰ ਦੇ ਅੰਦਰ ਇਕ ਵਿਅਕਤੀ ਮਿਲਿਆ। 40 ਸਾਲਾਂ ਦੇ ਇਸ ਵਿਅਕਤੀ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਤੇ ਫਾਇਰ ਮਾਰਸ਼ਲ ਆਫਿਸ ਵਲੋਂ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਹਿੱਟ ਐਂਡ ਰਨ ਮਾਮਲੇ ਵਿਚ ਇਕ ਜ਼ਖ਼ਮੀ

ਇਟੋਬੀਕੋ/ਬਿਊਰੋ ਨਿਊਜ਼ : ਇਟੋਬੀਕੋ ਵਿਚ ਕ੍ਰਿਸਮਸ ਤੋਂ ਇਕ ਦਿਨ ਪਹਿਲਾਂ ਇਕ ਗੱਡੀ ਵਲੋਂ ਟੱਕਰ ਮਾਰੇ ਜਾਣ ਕਾਰਨ ਇਕ ਰਾਹਗੀਰ ਜ਼ਖ਼ਮੀ ਹੋ ਗਿਆ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਗੱਡੀ ਦਾ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਟੋਰਾਂਟੋ ਪੁਲਿਸ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਘਟਨਾ ਰਾਤੀਂ 9:20 ਉਤੇ ਐਗਲਿੰਟਨ ਐਵੀਨਿਊ ਵੈਸਟ ਤੇ ਮਾਰਟਿਨ ਗ੍ਰੋਵ ਰੋਡ ਉਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਜਿਸ ਗੱਡੀ ਵਲੋਂ ਟੱਕਰ ਮਾਰੀ ਗਈ ਉਹ ਗ੍ਰੇਅ ਰੰਗ ਦੀ ਮਾਜ਼ਦਾ ਸੇਡਾਨ ਸੀ। ਪੁਲਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਛੁਰੇਬਾਜ਼ੀ ਵਿਚ ਜ਼ਖ਼ਮੀ ਵਿਅਕਤੀ ਨੇ ਫਾਰਮੇਸੀ 'ਚ ਜਾ ਕੇ ਮੰਗੀ ਮੱਦਦ



ਟੋਰਾਂਟੋ/ਬਿਊਰੋ ਨਿਊਜ਼ : ਕ੍ਰਿਸਮਸ ਵਾਲੇ ਦਿਨ ਡਾਊਨ ਟਾਊਨ ਟੋਰਾਂਟੋ ਵਿਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿਚ ਇਕ ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਉਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ। ਦੁਪਹਿਰੇ 3:45 ਦੇ ਨੇੜੇ ਤੇੜੇ ਯੰਗ ਤੇ ਚਾਰਲਸ ਸਟਰੀਟਸ ਦੇ ਕੋਨੇ ਉਤੇ ਵਾਪਰੀ ਇਸ ਘਟਨਾ ਤੋਂ ਬਾਅਦ ਐਮਰਜੈਂਸੀ ਅਮਲੇ ਨੂੰ ਸੱਦਿਆ ਗਿਆ। ਮੱਦਦ ਲੈਣ ਲਈ ਜ਼ਖ਼ਮੀ ਵਿਅਕਤੀ ਆਪ ਹੀ ਤੁਰ ਕੇ ਫਾਰਮੇਸੀ ਜਾ ਪਹੁੰਚਿਆ। ਟੋਰਾਂਟੋ ਪੈਰਾਮੈਡਿਕ ਸਰਵਿਸਿਜ਼ ਦੇ ਬੁਲਾਰੇ ਨੇ ਦੱਸਿਆ ਕਿ ਉਸ ਵਿਅਕਤੀ ਦੀ ਹਾਲਤ ਗੰਭੀਰ ਪਰ ਸਥਿਰ ਸੀ।

ਸੋਸ਼ਲ ਮੀਡੀਆ ਉਤੇ ਦਿੱਤੀ ਗਈ ਅਪਡੇਟ ਵਿਚ ਟੋਰਾਂਟੋ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇੰਜ ਲੱਗਦਾ ਹੈ ਕਿ ਇਹ ਘਟਨਾ ਚਾਰਲਸ ਸਟਰੀਟ ਦੇ ਪਾਰਕਿੰਗ ਲੌਟ ਵਿਚ ਵਾਪਰੀ। ਸੋਮਵਾਰ ਦੁਪਹਿਰ ਤੱਕ ਜਾਂਚਕਾਰਾਂ ਵਲੋਂ ਮਸ਼ਕੂਕ ਸਬੰਧੀ ਜਾਣਕਾਰੀ ਜਾਰੀ ਨਹੀਂ ਸੀ ਕੀਤੀ ਗਈ।






# ਪੰਜਾਬੀ ਵਿਦਿਆਰਥੀਆਂ ਦੇ ਪਰਵਾਸ ਦਾ ਪੰਜਾਬ ’ਤੇ ਅਸਰ

**ਪ੍ਰਭਜੋਤ ਸਿੰਘ**

ਕਿਸੇ ਵੀ ਵਰਤਾਰੇ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਉਸ ਦੇ ਸਾਰੇ ਪੱਖ ਵਿਚਾਰੇ ਜਾਣ। ਸਾਡੀ ਜ਼ਿੰਦਗੀ ਵਿਚ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਹੋਰ ਪਹਿਲੂ ਆਪਸ ਵਿਚ ਜੈਵਿਕ ਤੌਰ ਨਾਲ ਜੁੜੇ ਹੋਏ ਹਨ। ਇਹ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਵਿਚੋਂ ਕਿਸੇ ਇੱਕ ਬਾਰੇ ਵਿਚਾਰ ਕਰਦੇ ਸਮੇਂ ਉਸ ਨਾਲ ਸਬੰਧਿਤ ਦੂਜੇ ਪਹਿਲੂਆਂ ਨੂੰ ਵਿਚਾਰਨ ਬਗੈਰ ਉਸ ਵਰਤਾਰੇ ਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ। ਇਹ ਪਹਿਲੂ ਸਮੇਂ ਨਾਲ ਬਦਲਦੇ ਰਹਿੰਦੇ ਹਨ ਅਤੇ ਇਨ੍ਹਾਂ ਦੀ ਤਬਦੀਲੀ ਦੀ ਦਰ ਤੇ ਦਿਸ਼ਾ ਅਲੱਗ ਅਲੱਗ ਹੋ ਸਕਦੀ ਹੈ। ਇਸ ਕਰਕੇ ਕਿਸੇ ਵਰਤਾਰੇ ਨੂੰ ਵਿਚਾਰਦੇ ਸਮੇਂ ਤਬਦੀਲੀ ਅਤੇ ਉਸ ਦੀ ਦਿਸ਼ਾ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ। ਕਿਹਾ ਜਾਂਦਾ ਹੈ ਕਿ ‘ਤਬਦੀਲੀ ਕੁਦਰਤ ਦਾ ਨਿਯਮ ਹੈ’, ਇਸ ਪ੍ਰਸੰਗ ਵਿਚ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਪੰਜਾਬ ’ਤੇ ਪੈ ਰਹੇ ਪ੍ਰਭਾਵਾਂ ਨੂੰ ਸਮਝਣਾ ਬਣਦਾ ਹੈ।

ਪੰਜਾਬ ਤੋਂ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਇਹ ਮੁੱਖ ਤੌਰ ’ਤੇ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਬਰਤਾਨੀਆ, ਅਮਰੀਕਾ ਆਦਿ ਪੱਛਮੀ ਦੇਸ਼ਾਂ ਦੇ ਕਾਲਜਾਂ ਯੂਨੀਵਰਸਿਟੀਆਂ ਵਿਚ ਦਾਖਲਾ ਲੈਂਦੇ ਹਨ। ਇਨ੍ਹਾਂ ਦੇਸ਼ਾਂ ਵਿਚ ਇਨ੍ਹਾਂ ਵਿਦਿਆਰਥੀਆਂ ਨੂੰ ਪਹਿਲਾਂ ਦੇ ਮੁਕਾਬਲੇ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੰਨੀ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਦੇ ਬਾਹਰ ਜਾਣ ਨਾਲ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ, ਪਰਿਵਾਰਾਂ, ਆਰਥਿਕਤਾ, ਪ੍ਰਸ਼ਾਸਨ ਅਤੇ ਸਭਿਆਚਾਰ ’ਤੇ ਪ੍ਰਭਾਵ ਪੈ ਰਿਹਾ ਹੈ। ਇਨ੍ਹਾਂ ਮਸਲਿਆਂ ਬਾਰੇ ਵਿਚਾਰਾਂ ਨੂੰ ਸਰਲਤਾ ਵਾਸਤੇ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲਾ ਭਾਗ ਵਿਦਿਆਰਥੀਆਂ ਦੀ ਵਿਦੇਸ਼ਾਂ ਵਿਚ ਬਦਲਦੀ ਪ੍ਰੋਫਾਈਲ ਨੂੰ ਸਮਰਪਿਤ ਹੈ। ਦੂਜੇ ਭਾਗ ਵਿਚ ਅੱਜ ਦਰਪੇਸ਼ ਸਮੱਸਿਆਵਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਹੈ। ਤੀਜੇ ਭਾਗ ਵਿਚ ਵਿਦਿਆਰਥੀਆਂ ਦੇ ਬਾਹਰ ਜਾਣ ਨਾਲ ਪੰਜਾਬ ਦੇ ਵਿਦਿਅਕ ਸੰਸਥਾਵਾਂ, ਸੂਬੇ ਦੀ ਆਰਥਿਕਤਾ, ਪ੍ਰਸ਼ਾਸਨ ਤੇ ਸਭਿਆਚਾਰਕ ਪ੍ਰਭਾਵਾਂ ਬਾਰੇ ਚਰਚਾ ਹੈ। ਅਖੀਰਲੇ ਹਿੱਸੇ ਵਿਚ ਕੁਝ ਵਿਚਾਰਨ ਵਾਲੇ ਨੁਕਤੇ ਪੇਸ਼ ਕੀਤੇ ਹਨ।

**ਵਿਦੇਸ਼ਾਂ ਵਿਚ ਪੰਜਾਬੀ ਵਿਦਿਆਰਥੀਆਂ ਦੀ ਬਦਲਦੀ ਪ੍ਰੋਫਾਈਲ** : ਪੰਜਾਬ ਤੋਂ ਵਿਦੇਸ਼ਾਂ ਵਿਚ ਵਿਦਿਆਰਥੀ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਯੂਨੀਵਰਸਿਟੀਆਂ ਵਿਚ ਦਾਖ਼ਲੇ ਲੈ ਕੇ ਪੜ੍ਹਨ ਜਾ ਰਹੇ ਹਨ। ਗ਼ਦਰ ਲਹਿਰ ਦੇ ਮੋਢੀਆਂ ਵਿਚੋਂ ਕਰਤਾਰ ਸਿੰਘ ਸਰਾਭਾ ਨੇ ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿਚ ਪੜ੍ਹਾਈ ਲਈ ਦਾਖਲਾ ਲਿਆ ਸੀ। ਉਸ ਸਮੇਂ ਭਾਰਤ ਬਰਤਾਨੀਆ ਦੀ ਕਾਲੋਨੀ ਸੀ ਅਤੇ ਵਿਦਿਆਰਥੀਆਂ ਨੂੰ ਆਪਣੇ ਖਰਚੇ ਦਾ ਪ੍ਰਬੰਧ ਆਪ ਕਰਨਾ ਪੈਂਦਾ ਸੀ। ਇਸ ਕਰਕੇ ਇਨ੍ਹਾਂ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਗਿਣਤੀ ਦੇ ਵਿਦਿਆਰਥੀ ਹੀ ਪਹੁੰਚ ਸਕਦੇ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਦੋਂ ਭਾਰਤ ਨੂੰ ਬਤੌਰ ਆਜ਼ਾਦ ਦੇਸ਼, ਬਰਤਾਨੀਆ ਨੇ ਕਾਮਨਵੈਲਥ ਦੇਸ਼ਾਂ ਦੇ ਸੰਗਠਨ ਵਿਚ ਸ਼ਾਮਲ ਕੀਤਾ ਤਾਂ ਭਾਰਤੀ ਮੂਲ ਦੇ ਵਿਦਿਆਰਥੀਆਂ ਵਾਸਤੇ ਕਾਮਨਵੈਲਥ ਵਜ਼ੀਫ਼ੇ ਕਾਇਮ ਕੀਤੇ ਗਏ। ਇਹ ਵਜ਼ੀਫ਼ੇ ਆਮ ਤੌਰ ’ਤੇ ਯੋਗਤਾ ਦੇ ਆਧਾਰ ’ਤੇ ਦਿੱਤੇ ਜਾਂਦੇ ਸਨ। ਬਰਤਾਨੀਆ ਕਾਮਨਵੈਲਥ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਚ ਵਜ਼ੀਫ਼ੇ ਲਈ ਚੁਣੇ ਵਿਦਿਆਰਥੀਆਂ ਨੂੰ ਪੋਸਟ ਗ੍ਰੈਜੂਏਸ਼ਨ/ਪੀਐੱਚਡੀ ਲਈ ਦਾਖਲਾ ਦਿੱਤਾ ਜਾਂਦਾ ਸੀ। ਇਹ ਵਿਦਿਆਰਥੀ ਬਾਂਡ ਭਰ ਕੇ ਵਿਦੇਸ਼ ਜਾਂਦੇ ਸਨ ਅਤੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਭਾਰਤ ਦੀਆਂ ਯੂਨੀਵਰਸਿਟੀਆਂ ਕਾਲਜਾਂ ਵਿਚ ਪੜ੍ਹਾਉਣ ਅਤੇ ਖੋਜ ਦਾ ਕੰਮ ਕਰਦੇ ਸਨ। 1960ਵਿਆਂ ਵਿਚ ਅਮਰੀਕਾ ਦੀ ਫੋਰਡ ਫਾਊਂਡੇਸ਼ਨ ਅਤੇ ਰਾਕਫੈਲਰ ਫਾਊਂਡੇਸ਼ਨ ਦੇ ਅਜਿਹੇ ਵਜ਼ੀਫਿਆਂ ਦਾ ਇੰਤਜ਼ਾਮ ਭਾਰਤੀ ਵਿਦਿਆਰਥੀਆਂ ਵਾਸਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਕੀਤਾ ਗਿਆ ਸੀ। ਆਜ਼ਾਦੀ ਤੋਂ ਬਾਅਦ ਪਹਿਲੀ ਪੀੜ੍ਹੀ ਦੇ ਭਾਰਤੀ ਯੂਨੀਵਰਸਿਟੀਆਂ ਦੇ ਬਹੁਤੇ ਪ੍ਰੋਫੈਸਰਾਂ ਕੋਲ ਬਾਹਰ ਦੀਆਂ ਯੂਨੀਵਰਸਿਟੀਆਂ ਵਾਲੀਆਂ ਉੱਚ ਡਿਗਰੀਆਂ ਸਨ। ਇਹ ਵਰਤਾਰਾ 1970ਵੀਆਂ ਦੇ ਅਖੀਰ ਤੱਕ ਚਲਦਾ ਰਿਹਾ ਪਰ 1980ਵਿਆਂ ਤੋਂ ਬਾਅਦ ਇਨ੍ਹਾਂ ਦੇਸ਼ਾਂ ਵਿਚ ਨਵ-ਉਦਾਰਵਾਦੀ ਨੀਤੀਆਂ ਤੋਂ ਬਾਅਦ ਇਨ੍ਹਾਂ ਯੂਨੀਵਰਸਿਟੀਆਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੀਆਂ ਫੀਸਾਂ ਵਿਚ ਕਾਫ਼ੀ ਵਾਧਾ ਕੀਤਾ ਗਿਆ ਜਿਸ ਕਾਰਨ ਪੁਰਾਣੇ ਵਜ਼ੀਫ਼ੇ ਨਿਗੂਣੇ ਹੋ ਗਏ। ਇਸ ਨਾਲ ਭਾਰਤ ਵਿਚੋਂ ਉੱਚ ਵਿੱਦਿਆ ਲਈ ਵਿਦਿਆਰਥੀਆਂ ਦਾ ਵਹਾਅ ਘਟ ਗਿਆ। 1990ਵਿਆਂ ਦੇ ਮੱਧ ਤੋਂ ਬਾਅਦ ਭਾਰਤ ਵਿਚੋਂ ਤਕਨਾਲੋਜੀ ਦੇ ਗਰੈਜੂਏਟਾਂ ਨੇ ਬਾਹਰ ਵੱਲ, ਖਾਸ ਕਰ ਕੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵੱਲ ਵਹੀਰਾਂ ਘੱਤੀਆਂ। ਇਨ੍ਹਾਂ ਵਲੋਂ ਇੰਟਰਨੈੱਟ ਤਕਨਾਲੋਜੀ ਵਿਚ ਗਿਣਨਯੋਗ ਰੋਲ ਸਿਲੀਕੌਨ ਘਾਟੀ ਵਿਚ ਅਦਾ ਕੀਤਾ ਗਿਆ।

ਇਸ ਤੋਂ ਬਾਅਦ ਭਾਰਤ, ਖਾਸ ਕਰ ਕੇ ਪੰਜਾਬ ਵਿਚ ਵਿਦਿਆਰਥੀਆਂ ਦਾ ਪੱਛਮੀ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਚ ਦਾਖ਼ਲੇ ਦਾ ਰੁਝਾਨ ਕਾਫ਼ੀ ਵਧ ਗਿਆ। ਸੂਬੇ ਦੇ ਹਰ ਸ਼ਹਿਰ ਅਤੇ ਕਸਬੇ ਵਿਚ ਆਈਲੈਟਸ ਅਤੇ ਟੌਅਫਲ ਦੀ ਟ੍ਰੇਨਿੰਗ ਦੇ ਪ੍ਰਾਈਵੇਟ ਕੇਂਦਰ ਖੁੱਲ੍ਹ ਗਏ। ਇਸ ਦੇ ਨਾਲ ਹੀ ਟਰੈਵਲ ਏਜੰਟਾਂ ਦਾ ਜਾਲ਼ ਵੀ ਸੂਬੇ ਵਿਚ ਫੈਲ ਗਿਆ। ਹੁਣ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਵਿਚ ਸਿਫਤੀ ਤਬਦੀਲੀ ਆਈ ਹੈ। ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀਆਂ ਦੀ ਉਮਰ ਛੋਟੀ ਹੈ ਅਤੇ ਉਹ ਬਾਹਰਵੀਂ ਜਮਾਤ (10+2) ਤੋਂ ਬਾਅਦ ਆਈਲੈਟਸ ਦਾ ਇਮਤਿਹਾਨ ਪਾਸ ਕਰ ਕੇ ਬਾਹਰ ਜਾ ਰਹੇ ਹਨ। ਇਨ੍ਹਾਂ ਨੇ ਅਜੇ ਤੱਕ ਸਪੈਸ਼ਲਿਸਟਾਂ ਵਾਲੀ ਕੋਈ ਲਾਈਨ ਵੀ ਨਹੀਂ ਚੁਣੀ ਹੁੰਦੀ। ਜਿਸ ਡਿਗਰੀ ਜਾਂ ਡਿਪਲੋਮਾ ਵਿਚ ਦਾਖਲਾ ਮਿਲਦਾ ਹੈ ਅਤੇ ਜਿਸ ਕਾਲਜ ਜਾਂ ਯੂਨੀਵਰਸਿਟੀ ਵਿਚ ਮਿਲਦਾ ਹੈ, ਲੈ ਲੈਂਦੇ ਹਨ। ਇਨ੍ਹਾਂ ਕੋਲ ਕੋਈ ਵਜ਼ੀਫਾ ਜਾਂ ਸਰਕਾਰੀ ਮਦਦ ਦਾ ਕੋਈ ਇੰਤਜ਼ਾਮ ਨਹੀਂ ਹੁੰਦਾ। ਸ਼ੁਰੂ ਵਿਚ ਇਹ ਵੀਜ਼ਾ ਲੱਗਣ ਤੋਂ



ਬਾਅਦ ਹਵਾਈ ਜਹਾਜ਼ ਦੀ ਟਿਕਟ, ਛੇ ਮਹੀਨਿਆਂ ਦੀ ਫੀਸ ਅਤੇ ਰਹਿਣ ਦੇ ਖਰਚੇ ਦਾ ਇੰਤਜ਼ਾਮ ਕਰ ਕੇ ਬਾਹਰ ਵਿਦੇਸ਼ ਜਾਂਦੇ ਹਨ। ਇਸ ਕਰ ਕੇ ਇਹ ਬਹੁਤ ਗਰੀਬ ਵਰਗ ਨਾਲ ਸਬੰਧਿਤ ਨਹੀਂ। ਇਹ ਵਿਦਿਆਰਥੀ ਮੱਧ ਵਰਗ ਅਤੇ ਇਸ ਤੋਂ ਉਪਰ ਦੇ ਵਰਗਾਂ ਨਾਲ ਸਬੰਧਿਤ ਹਨ। ਕਾਫੀ ਗਿਣਤੀ ਵਿਦਿਆਰਥੀ ਕਿਸਾਨਾਂ ਦੇ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਕਾਫੀ ਕਿਸਾਨ ਪਰਿਵਾਰ ਆਪਣੀਆਂ ਜ਼ਮੀਨਾਂ ਗਹਿਣੇ ਰੱਖ ਕੇ ਜਾਂ ਵੇਚ ਕੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਦਾ ਮੰਤਵ ਕੁਝ ਵਿਦਿਆ ਪ੍ਰਾਪਤ ਕਰ ਕੇ ਵਿਦੇਸ਼ਾਂ ਵਿਚ ਪੱਕੇ ਪੈਰੀਂ ਰਹਿਣ ਦਾ ਹੁੰਦਾ ਹੈ। ਇਹ ਪੰਜਾਬ ਵਾਪਸ ਨਹੀਂ ਜਾਣਾ ਚਾਹੁੰਦੇ।

**ਵਿਦੇਸ਼ਾਂ ਵਿਚ ਵਿਦਿਆਰਥੀਆਂ ਦੀਆਂ ਸਮੱਸਿਆਵਾਂ** : ਵਿਦੇਸ਼ ਪਹੁੰਚ ਕੇ ਇਨ੍ਹਾਂ ਵਿਦਿਆਰਥੀਆਂ ਨੂੰ ਕਈ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਨਵੇਂ ਮੁਲਕ ਦੇ ਸੱਭਿਆਚਾਰ ਅਤੇ ਮਾਹੌਲ ਨੂੰ ਸਮਝਣ ਅਤੇ ਉਸ ਨਾਲ ਇੱਕਮਿਕ ਹੋਣ ਵਿਚ ਵਕਤ ਲਗਦਾ ਹੈ। ਪੰਜਾਬ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਆਉਣ ਤੋਂ ਪਹਿਲਾਂ ਜਿਸ ਮੁਲਕ ਵਿਚ ਜਾਣਾ ਹੁੰਦਾ ਹੈ, ਉਸ ਬਾਰੇ ਓਰੀਐਨਟੇਸ਼ਨ ਕੋਰਸ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ।

ਇਸ ਕਰ ਕੇ ਕਾਫ਼ੀ ਵਿਦਿਆਰਥੀਆਂ ਨੂੰ ਨਵੇਂ ਮਾਹੌਲ ਵਿਚ ਰਚਣ ਮਿਚਣ ਲਈ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਨਵੇਂ ਮਾਹੌਲ ਵਿਚ ਕਈ ਵਿਦਿਆਰਥੀ ਮਾਮੂਲੀ ਸ਼ਰਾਰਤ ਕਾਰਨ ਮੁਸ਼ਕਿਲ ਵਿਚ ਫਸ ਜਾਂਦੇ ਹਨ ਪਰ ਮੁੱਖ ਪ੍ਰੇਸ਼ਾਨੀ ਥੋੜ੍ਹੇ ਸਮੇਂ ਬਾਅਦ ਆਰਥਿਕ ਤੌਰ ’ਤੇ ਤੰਗੀ ਦੀ ਆਣ ਫੜਦੀ ਹੈ। ਦੂਜੇ ਸਮੈਸਟਰ ਦੀ ਫੀਸ ਦਾ ਪ੍ਰਬੰਧ ਅਤੇ ਰਹਿਣ ਸਹਿਣ ਦੇ ਖਰਚੇ ਦਾ ਇੰਤਜ਼ਾਮ ਤੰਗ ਕਰਨ ਲੱਗ ਪੈਂਦਾ ਹੈ। ਇਸ ਵਾਸਤੇ ਅੱਲੜ੍ਹ ਉਮਰੇ ਪੜ੍ਹਾਈ ਦੇ ਨਾਲ ਨਾਲ ਕੁਝ ਘੰਟਿਆਂ ਦੀ ਰੋਜ਼ਾਨਾ ਨੌਕਰੀ ਦੀ ਭਾਲ ਕਰਨੀ ਪੈਂਦੀ ਹੈ।

ਕੋਵਿਡ-19 ਮਹਾਮਾਰੀ ਤੋਂ ਬਾਅਦ ਵਿਦੇਸ਼ਾਂ ਵਿਚ ਕੰਮ ਕਰਨ ਦੇ ਮੌਕੇ ਕਾਫੀ ਘਟ ਗਏ ਹਨ। ਜਿਹੜੇ ਕੰਮ ਮਿਲਦੇ ਹਨ, ਉਨ੍ਹਾਂ ਵਿਚ ਉਜਰਤਾਂ ਕਾਫ਼ੀ ਘਟ ਮਿਲਦੀਆਂ ਹਨ। ਇਸ ਕਰ ਕੇ ਗੁਜ਼ਾਰਾ ਮੁਸ਼ਕਿਲ ਹੋ ਜਾਂਦਾ ਹੈ। ਇਸ ਕਾਰਨ ਕੁਝ ਵਿਦਿਆਰਥੀਆਂ ਨੂੰ ਮਾਨਸਿਕ ਤਣਾਓ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਪਿਛਲੇ ਦਿਨੀਂ ਇਸ ਕਾਰਨ ਕੁਝ ਵਿਦਿਆਰਥੀਆਂ ਦੀਆਂ ਆਤਮ-ਹੱਤਿਆਵਾਂ, ਨਸ਼ਿਆਂ ਅਤੇ ਐਕਸੀਡੈਂਟ ਦੇ ਸ਼ਿਕਾਰ ਹੋਣ ਬਾਰੇ ਖ਼ਬਰਾਂ ਮੀਡੀਆ ਵਿਚ ਆਈਆਂ ਹਨ। ਦੱਸਿਆ ਗਿਆ ਕਿ ਦਸੰਬਰ ਵਿਚ ਆਏ ਕਈ ਵਿਦਿਆਰਥੀਆਂ ਨੂੰ ਅਜੇ ਤੱਕ ਵੀ ਕੰਮ ਨਹੀਂ ਮਿਲਿਆ।

ਕੁਝ ਵਿਦਿਆਰਥੀ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋ ਰਹੇ ਹਨ। ਇਸ ਬਾਰੇ 700 ਵਿਦਿਆਰਥੀਆਂ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਵਿਚ ਮੁਸ਼ਕਿਲ ਆ ਰਹੀ ਹੈ ਅਤੇ ਕੁਝ ਉੱਤੇ ਵਾਪਿਸ ਜਾਣ ਦਾ ਖ਼ਤਰਾ ਅਜੇ ਟਲਿਆ ਨਹੀਂ।

ਬਹੁਤੇ ਵਿਦਿਆਰਥੀਆਂ ਦਾ ਮਕਸਦ ਪੜ੍ਹਾਈ ਦੇ ਬਹਾਨੇ ਵਿਦੇਸ਼ਾਂ ਵਿਚ ਪੱਕਾ ਵਸੇਬਾ ਕਰਨਾ ਹੈ। ਉਨ੍ਹਾਂ ਵਿਚੋਂ ਕੁਝ ਮੌਕਾ ਮਿਲਦਿਆਂ ਹੀ ਪੜ੍ਹਾਈ ਛੱਡ ਕੇ ਨੌਕਰੀ ਕਰ ਲੈਂਦੇ ਹਨ। ਇਸ ਕਰ ਕੇ ਆਸਟਰੇਲੀਆ ਦੀਆਂ ਪੰਜ ਯੂਨੀਵਰਸਿਟੀਆਂ ਨੇ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੇ ਦਾਖ਼ਲੇ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ। ਜੇ ਇਨ੍ਹਾਂ ਵਿਦਿਆਰਥੀਆਂ ਦਾ ਕਿਰਦਾਰ ਇਸ ਤਰ੍ਹਾਂ ਦਾ ਰਿਹਾ ਤਾਂ ਇਹ ਸਮੱਸਿਆ ਹੋਰ ਦੇਸ਼ਾਂ ਵਿਚ ਵੀ ਆ ਸਕਦੀ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਪਰਵਾਸ ਨਿਯਮਿਤ ਹੈ। ਲੋੜ ਪੈਣ ’ਤੇ ਕਿਸੇ ਦੇਸ਼/ਇਲਾਕੇ ਤੋਂ ਇਸ ਸਬੰਧੀ ਰੋਕ/ਸੀਮਾ ਲੱਗ ਸਕਦੀ ਹੈ।

**ਵਿਦਿਆਰਥੀਆਂ ਦੇ ਬਾਹਰ ਜਾਣ ਦੇ ਪੰਜਾਬ ’ਤੇ ਅਸਰ** : ਵੱਡੀ ਗਿਣਤੀ ਵਿਦਿਆਰਥੀਆਂ ਦੇ ਵਿਦੇਸ਼ ਜਾਣ ਨਾਲ ਪੰਜਾਬ ਦੇ ਅਰਥਚਾਰੇ, ਸਿੱਖਿਆ ਸੰਸਥਾਵਾਂ ਅਤੇ ਸਮਾਜਿਕ ਪ੍ਰਭਾਵ ਪੈ ਰਹੇ ਹਨ। ਅੰਗਰੇਜ਼ੀ ਅਖ਼ਬਾਰ ‘ਦਿ ਟ੍ਰਿਬਿਊਨ’ ਵਿਚ ਚੰਡੀਗੜ੍ਹ ਸਥਿਤ ਕੈਨੇਡੀਅਨ ਕੌਂਸਲੇਟ ਦੇ ਹਵਾਲੇ ਨਾਲ ਪਿਛਲੇ ਤਿੰਨ ਸਾਲਾਂ ਦੇ ਪੜ੍ਹਾਈ ਵੀਜ਼ਿਆਂ ਬਾਰੇ ਅੰਕੜੇ ਜਾਰੀ ਕੀਤੇ ਹਨ। ਉਸ ਅਨੁਸਾਰ, 2020 ਵਿਚ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ 80,880 ਸੀ ਜਿਹੜੀ 2021 ਵਿਚ ਵਧ ਕੇ 1,69,410 ਅਤੇ 2022 ਵਿਚ 2,26,095 ਹੋ ਗਈ। ਤਿੰਨ ਸਾਲਾਂ ਵਿਚ 167% ਸਿਰਫ਼ ਕੈਨੇਡਾ ਵਿਚ ਜਾਣ ਵਾਲੇ ਵਿਦਿਆਰਥੀਆਂ ਵਿਚ ਵਾਧਾ ਹੋਇਆ ਹੈ। ਇਹ ਵਿਦਿਆਰਥੀ ਮੁੱਖ ਤੌਰ ’ਤੇ ਪੰਜਾਬ ਅਤੇ ਹਰਿਆਣਾ ਤੋਂ ਹਨ। ਇਸ ਵਿਚ ਹੋਰ ਵਿਕਸਤ ਦੇਸ਼ਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸ਼ਾਮਲ ਨਹੀਂ। ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਕਿਸੇ ਵਿਦਵਾਨ ਜਾਂ ਸਰਕਾਰ ਨੇ ਇਕੱਠੀ ਨਹੀਂ ਕੀਤੀ ਹੈ। ਇਹ ਅਨੁਮਾਨ/ਅੰਦਾਜ਼ੇ ਆਮ ਹਨ ਕਿ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਜੇ ਮੰਨ ਲਿਆ ਜਾਵੇ ਕਿ ਹਰ ਸਾਲ ਇੱਕ ਲੱਖ ਵਿਦਿਆਰਥੀ ਪੰਜਾਬ ਤੋਂ ਵਿਦੇਸ਼ ਪੜ੍ਹਨ ਲਈ ਜਾ ਰਹੇ ਹਨ, ਤੇ ਔਸਤਨ ਹਰ ਵਿਦਿਆਰਥੀ 10 ਲੱਖ ਤੋਂ 15 ਲੱਖ ਰੁਪਏ ਆਪਣੇ ਨਾਲ ਫ਼ੀਸ ਅਤੇ ਖਰਚੇ ਵਾਸਤੇ ਲੈ ਕੇ ਜਾ ਰਿਹਾ ਹੈ ਤਾਂ ਸੂਬੇ ਵਿਚੋਂ 10,000 ਤੋਂ 15,000 ਕਰੋੜ ਰੁਪਏ ਦੇ ਬਰਾਬਰ ਹਰ ਸਾਲ ਸਰਮਾਇਆ ਵਿਦੇਸ਼ ਜਾ ਰਿਹਾ ਹੈ। ਜੇ ਇਹ ਵਿਦਿਆਰਥੀ ਪੰਜਾਬ ਵਿਚ ਰਹਿ ਕੇ ਸਿੱਖਿਆ ਪ੍ਰਾਪਤ ਕਰਦੇ ਤਾਂ ਇਹ ਸਰਮਾਇਆ ਸੂਬੇ ਵਿਚ ਨਿਵੇਸ਼ ਦਾ ਰੂਪ ਧਾਰ ਸਕਦਾ ਸੀ ਜਿਸ ਨਾਲ ਆਮਦਨ ਅਤੇ ਰੁਜ਼ਗਾਰ ਵਿਚ ਵਾਧਾ ਹੋ ਸਕਦਾ ਸੀ। ਜੇ ਇਨ੍ਹਾਂ ਵਿਦਿਆਰਥੀਆਂ ਦੀ ਗਿਣਤੀ 2 ਲੱਖ ਮੰਨ ਲਈ ਜਾਵੇ ਤਾਂ ਇਹ ਸਰਮਾਇਆ ਨਿਵੇਸ਼ ਦੁੱਗਣਾ ਹੋ ਸਕਦਾ ਸੀ। ਅਸੀਂ ਆਪਣੇ ਬੱਚਿਆਂ ਨੂੰ ਪਾਲਣ ਪੋਸਣ ਤੋਂ ਬਾਅਦ ਉਨ੍ਹਾਂ ਨੂੰ ਵੱਡੀ ਰਕਮ ਦੇ ਕੇ ਬਾਹਰ ਭੇਜ ਰਹੇ ਹਾਂ। ਇਸ ਕਰ ਕੇ ਪੰਜਾਬ ਵਿਚ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਖੋਰਾ ਲੱਗਣਾ ਲਾਜ਼ਮੀ ਹੈ। ਅਸੀਂ ਇਕੱਲਾ ਪੈਸਾ/ਸਰਮਾਇਆ ਹੀ ਨਹੀਂ ਬਾਹਰ ਭੇਜ ਰਹੇ ਸਗੋਂ ਇਨ੍ਹਾਂ ਬੱਚਿਆਂ ਦੇ ਰੂਪ ਵਿਚ ਬਹੁਕੀਮਤੀ ਮਨੁੱਖੀ ਸਰੋਤ ਬਰਾਮਦ ਕਰ ਰਹੇ ਹਾਂ। ਇਨ੍ਹਾਂ ਬੱਚਿਆਂ ਵਿਚ ਕਾਫ਼ੀ ਬੱਚੇ ਲਾਇਕ ਅਤੇ ਹੋਣਹਾਰ ਹਨ ਜਿਨ੍ਹਾਂ ਦੇ ਬਾਹਰ ਜਾਣ ਨਾਲ ਪੰਜਾਬ ਭਾਰੀ ਨੁਕਸਾਨ ਉਠਾ ਰਿਹਾ ਹੈ। ਇਉਂ ਪੰਜਾਬ ਆਪਣੇ ਹੀ ਭਵਿੱਖ ਨਾਲ ਖਿਲਵਾੜ ਕਰ ਰਿਹਾ ਹੈ। ਇਨ੍ਹਾਂ ਵਿਚੋਂ ਕਾਫ਼ੀ ਗਿਣਤੀ ਵਿਚ ਡਾਕਟਰ, ਇੰਜਨੀਅਰ, ਅਧਿਆਪਕ, ਵਕੀਲ, ਜੱਜ, ਉਦਯੋਗਪਤੀ, ਸਾਹਿਤਕਾਰ, ਮੈਨੇਜਰ, ਅਫਸਰ, ਕਲਾਕਾਰ ਅਤੇ ਸਿਆਣੇ ਲੀਡਰ ਬਣਨ ਦੇ ਕਾਬਲ ਹਨ। ਇਸ ਨੁਕਸਾਨ ਨੂੰ ਰੁਪਇਆਂ ਵਿਚ ਮਾਪਿਆ ਨਹੀਂ ਜਾ ਸਕਦਾ। ਇਹ ਸਾਡਾ ਸਮਾਜਿਕ, ਸੱਭਿਆਚਾਰਕ, ਸਿਆਸੀ ਅਤੇ ਆਰਥਿਕ ਨੁਕਸਾਨ ਹੈ।

# ਕਲਾਕਾਰ ਹਰਜੀਤ ਸਿੰਘ ਸੰਧੂ

ਹਰਜੀਤ ਸੰਧੂ ਛੁਪਿਆ ਰੁਸਤਮ ਹੈ। ਉਸ ਬਾਰੇ ਦੋ ਪੁਸਤਕਾਂ ਛਪੀਆਂ ਹਨ। ਪੰਜਾਬੀ ਵਿਚ ਛਪੀ ਪੁਸਤਕ ‘ਪੋਟੇ ਬੋਲ ਪਏ’ ਦਾ ਲੇਖਕ ਬਲਦੇਵ ਸਿੰਘ ਸੜਕਨਾਮਾ ਹੈ ਤੇ ਅੰਗਰੇਜ਼ੀ ’ਚ ਛਪੀ ‘ਰੀਵਿਜ਼ਟਿੰਗ ਦੀ ਪਾਸਟ ਐਂਡ ਪ੍ਰੈਜ਼ੈਂਟ ਥਰੂ ਕਲਰਡ ਮਿਰਰਜ਼’ ਦੀ ਲੇਖਿਕਾ ਪੰਜਾਬੀ ਯੂਨੀਵਰਸਿਟੀ ਦੇ ਫਾਈਨ ਆਰਟਸ ਵਿਭਾਗ ਦੀ ਸਾਬਕਾ ਮੁਖੀ ਪ੍ਰੋ. (ਡਾ.) ਸਰੋਜ ਰਾਣੀ। ਪੀਟੀ ਮਾਸਟਰ ਹਰਜੀਤ ਸੰਧੂ ਨੂੰ 1970ਵਿਆਂ ਤੋਂ ਜਾਣਦਾ ਹਾਂ। ਉਦੋਂ ਉਹ ਤਹਿਸੀਲ ਮੋਗੇ ਦੇ ਸਕੂਲਾਂ ਦੀਆਂ ਖੇਡਾਂ ਦਾ ਧੁਰਾ ਹੁੰਦਾ ਸੀ। ਖਿਡਾਰੀ ਤੋਂ ਮੋਜ਼ੇਕ ਕਲਾਕਾਰ ਤਾਂ ਉਹ ਨਿਊਯਾਰਕ ਜਾ ਕੇ ਬਣਿਆ ਜਿਸ ਦੀ ਦਿਲਚਸਪ ਕਹਾਣੀ ਇਨ੍ਹਾਂ ਕਿਤਾਬਾਂ ’ਚੋਂ ਪੜ੍ਹੀ ਜਾ ਸਕਦੀ ਹੈ।

ਵੇਖਣ ਨੂੰ ਉਹ ਓਡਾ ਵੱਡਾ ਕਲਾਕਾਰ ਨਹੀਂ ਲੱਗਦਾ ਜਿੱਡਾ ਹੈਗਾ। ਅਸਲੋਂ ਸਾਧਾਰਨ ਜਿਹਾ ਜਾਪਦੈ। ਪੱਕਾ ਰੰਗ, ਕਰੜ ਬਰੜੀ ਦਾੜ੍ਹੀ, ਸੰਘਣੀਆਂ ਸਿਹਲੀਆਂ, ਭਿੱਜੀਆਂ ਅੱਖਾਂ, ਫੁੱਲੀਆਂ ਗੱਲ੍ਹਾਂ, ਢਾਲੂ ਮੁੱਛਾਂ, ਅੱਟਣਾਂ ਵਾਲੇ ਹੱਥ ਤੇ ਝਰੀਟੀਆਂ ਉਂਗਲਾਂ। ਚੁੱਪ ਰਹੇ ਤਾਂ ਚੁੱਪ, ਪਰ ਜਦੋਂ ਬੋਲਦੈ ਤਾਂ ਵਾਰੀ ਨਹੀਂ ਲੈਣ ਦਿੰਦਾ। ਤੇਜ਼-ਤਰਾਰ ਗੱਲਾਂ ਕਰਦਾ ਬੜਬੋਲਾ ਵੀ ਲੱਗਦੈ। ਪਰ ਚੁਹੱਤਰ ਸਾਲਾਂ ਦਾ ਹੋ ਕੇ ਵੀ ਜੁਆਨ ਦਿਸਦੈ। ਉਹਦੀ ਮੋਜ਼ੇਕੀ ਦੀਆਂ ਧੁੰਮਾਂ ਹੁਣ ਮੋਗੇ, ਚੰਡੀਗੜ੍ਹ ਤੇ ਦਿੱਲੀ ਤੋਂ ਨਿਊਯਾਰਕ ਤੱਕ ਪੈਣ ਲੱਗੀਆਂ ਹਨ। ਪੰਜਾਹ ਕੁ ਸਾਲ ਪਹਿਲਾਂ ਮੈਂ ਉਸ ਨੂੰ ਢੁੱਡੀਕੇ ਦੇ ਖੇਡ ਮੇਲੇ ਵਿਚ ਫੁੱਟਬਾਲ ਖੇਡਦੇ ਵੇਖਿਆ ਸੀ। ਉਹਦੀਆਂ ਕਿੱਕਾਂ ’ਚ ਜਾਨ ਸੀ। ਪੈਰਾਂ ’ਚ ਤੇਜ਼ੀ ਸੀ ਤੇ ਪਾਸ ਦਿੰਦਾ ਲੈਂਦਾ ਖੇਡ ਦੀ ਸੋਹਣੀ ਕਲਾਕਾਰੀ ਵਿਖਾ ਰਿਹਾ ਸੀ। ਉਦੋਂ ਉਹ ਫੁੱਟਬਾਲ ਦਾ ਖਿਡਾਰੀ ਸੀ, ਫਿਰ ਕਈ ਸਾਲ ਸਕੂਲਾਂ ’ਚ ਪੀਟੀ ਮਾਸਟਰ ਰਿਹਾ ਤੇ ਹੁਣ ਹਰਫ਼ਨ ਮੌਲਾ ਕਲਾਕਾਰ ਹੈ। ਕੱਚ ਦੀਆਂ ਰੰਗ ਬਰੰਗੀਆਂ ਟੁਕੜੀਆਂ ਨਾਲ ਕਲਾਤਮਿਕ ਚਿੱਤਰ ਚਿੱਤਰਨ ਵਾਲਾ। ਲਲਿਤ ਕਲਾ ਅਕੈਡਮੀ ਚੰਡੀਗੜ੍ਹ ਤੋਂ ਲੈ ਕੇ ਦਿੱਲੀ, ਟੋਰਾਂਟੋ ਤੇ ਨਿਊਯਾਰਕ ਦੇ ਨਾਮਵਰ ਕਲਾ ਕਦਰਦਾਨਾਂ ਵੱਲੋਂ ਉਸ ਨੂੰ ਅਨੇਕਾਂ ਐਵਾਰਡ ਮਿਲੇ ਹਨ। ਮੋਜ਼ੇਕ ਕਲਾ ਦੀ ਚੇਟਕ ਉਸ ਨੂੰ ਰੌਕ ਗਾਰਡਨ ਚੰਡੀਗੜ੍ਹ ਵਿਚ ਟੁੱਟੀਆਂ ਭੱਜੀਆਂ ਵਸਤਾਂ ਦੀ ਜੋੜਵੀਂ ਕਲਾ ਵੇਖ ਕੇ ਲੱਗੀ ਸੀ। ਉਹ ਤਨੋ ਮਨੋ ਨੇਕ ਚੰਦ ਨੂੰ ਆਪਣਾ ਉਸਤਾਦ ਮੰਨਦਾ ਹੈ।

ਦਰਸ਼ਕ ਹੈਰਾਨ ਹੁੰਦੇ ਹਨ ਕਿ ਉਹ ਰੰਗ ਬਰੰਗੇ ਕੱਚ ਦੇ ਟੁਕੜਿਆਂ ਨੂੰ ਕੱਟ ਤਰਾਸ਼ ਕੇ ਫਿਰ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਟਿੱਕੀਆਂ ਤੇ ਕਣ ਬਣਾ ਕੇ ਚਿੱਤਰ ’ਚ ਜੋੜ ਕਿਵੇਂ ਲੈਂਦੈ? ਕਿਵੇਂ ਉਹ ਬਾਬਾ ਫਰੀਦ ਦੇ ਦੁਆਵਾਂ ਮੰਗਦੇ ਹੱਥ ਬਣ ਜਾਂਦੀਆਂ ਨੇ, ਕਿਵੇਂ ਬੰਦਗੀ ਕਰਦੇ ਬਾਬਾ ਫਰੀਦ ਦਾ ਸਮੁੱਚਾ ਵਜੂਦ ਤੇ ਕਿਵੇਂ ਮਦਰ ਟੈਰੇਸਾ ਦਾ ਸੇਵਾ ਭਾਵੀ ਚਿਹਰਾ। ਕਿਵੇਂ ਕਰਤਾਰ ਸਿੰਘ ਸਰਾਭਾ ਤੇ ਹੱਥਕੜੀ ਲੱਗੇ ਭਗਤ ਸਿੰਘ ਦਾ ਹੂਬਹੂ ਸਰੂਪ। ਕਿਵੇਂ ਰੰਗੀਨ ਟੁਕੜੀਆਂ ਨਾਲ ਸਜਾਏ ਦਰਬਾਰ ਸਾਹਿਬ ਤੇ ਉਸ ਦੀ ਸੁਨਹਿਰੀ ਝਲਕ ਸਰੋਵਰ ਵਿਚ ਲਹਿਰਾਉਂਦੀ ਦੇ ਦਰਸ਼ਨ ਕਰਵਾ ਦਿੰਦਾ ਹੈ। ਕੱਚ ਦੀਆਂ ਟੁਕੜੀਆਂ ਵਿਚ ਦੀ ਸਰੋਵਰ ਦੇ ਪਾਣੀ ’ਚ ਝਿਲਮਿਲਾਉਂਦੀ ਝਲਕ ਨੂੰ ਠੋਸ ਕਲਾਕ੍ਰਿਤੀ ਰਾਹੀਂ ਵਿਖਾਉਣਾ ਲਾਸਾਨੀ ਸਿਰਜਣਾ ਹੈ। ਦੋ ਚਾਰ ਦਿਨ ਨਹੀਂ, ਮਹੀਨੇ ਤੇ ਕਈ ਵਾਰ ਸਾਲ ਲੱਗ ਜਾਂਦੇ ਹਨ ਅਜਿਹੀ ਸਿਰਜਣਾ ਨੂੰ ਨੇਪਰੇ ਚਾੜ੍ਹਦਿਆਂ। ਅਜਿਹੀ ਕਲਾਕਾਰੀ ਦੀ ਕਦਰ ਮੁਜ਼ੇਕ ਕਲਾ ਦੇ ਜੌਹਰੀ ਹੀ ਪਾ ਸਕਦੇ ਹਨ।

ਬਲਦੇਵ ਸਿੰਘ ਦੀ ਹਰਜੀਤ ਸੰਧੂ ਬਾਰੇ ਲਿਖੀ ਪੁਸਤਕ ਮੋਮੀ ਕਾਗਜ਼ ਉਤੇ ਉਹਦੀਆਂ ਕਲਾ ਕਿਰਤਾਂ ਨਾਲ ਸ਼ਿੰਗਾਰੀ ਹੋਈ ਹੈ। ਲਿਖਿਆ ਹੈ ਕਿ ਬਚਪਨ ਤੋਂ ਹੀ ਹਰਜੀਤ ਦੇ ਹੱਥ ਕਦੇ ਨਿਚਲੇ ਨਹੀਂ ਰਹੇ। ਸ਼ਾਇਦ ਹੀ ਕੋਈ ਸ਼ਰਾਰਤ ਹੋਵੇ ਜਿਹੜੀ ਉਸ ਨੇ ਨਾ ਕੀਤੀ ਹੋਵੇ ਤੇ ਮਾਂ ਪਿਉ ਤੋਂ ਕੁੱਟ ਨਾ ਖਾਧੀ ਹੋਵੇ। ਕੌਡੀਆਂ ਬੰਟੇ ਖੇਡਣ, ਪਤੰਗਾਂ ਦੇ ਪੇਚੇ ਪਾਉਣ ਤੇ ਨੌਕਰ ਦੀ ਬੋਦੀ ਪੁੱਟਣ ਤਕ ਦੀਆਂ ਇੱਲਤਾਂ ਨਾ ਕੀਤੀਆਂ ਹੋਣ। ਪੇਂਟਿੰਗ ਤੇ ਕਲੇਅ ਮਾਡਲਿੰਗ ਤੋਂ ਲੈ ਕੇ ਸ਼ੀਸ਼ਾਕਾਰੀ ਤਕ ਸ਼ਾਇਦ ਹੀ ਕੋਈ ਕਲਾ ਹੋਵੇ ਜਿਸ ਨਾਲ ਉਹਦੇ ਪੋਟਿਆਂ ਨੇ ਪੰਗੇ ਨਾ ਲਏ ਹੋਣ। ਉਦੋਂ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਦਸਵੀਂ ’ਚੋਂ ਦੋ ਵਾਰ ਫੇਲ੍ਹ ਹੋਣ ਵਾਲਾ ਵਿਦਿਆਰਥੀ, ਛੱਪੜਾਂ ਦੀ ਚੀਕਣੀ ਮਿੱਟੀ ਨਾਲ ਬਲਦ ਘੋੜੇ ਬਣਾਉਂਦਾ, ਫਾਈਨ ਆਰਟਸ ਦੀ ਐੱਮਏ ਕਰੇਗਾ ਤੇ ਅੱਗੇ ਜਾ ਕੇ ਮੁਜ਼ੇਕ ਆਰਟ ਵਿਚ ਅਜਿਹੀਆਂ ਕਲਾ-ਕ੍ਰਿਤਾਂ ਸਿਰਜੇਗਾ ਜਿਨ੍ਹਾਂ ਦਾ ਲੋਹਾ ਕੌਮਾਂਤਰੀ ਪੱਧਰ ਦੇ ਪਾਰਖੂ ਵੀ ਮੰਨਣਗੇ। ਹਰਜੀਤ ਦਾ ਬਾਪ ਮੇਲਾ ਸਿੰਘ ਬੀਏ ਕਰਕੇ ਰੇਲਵੇ ਦਾ ਅਫ਼ਸਰ ਬਣ ਗਿਆ ਸੀ। ਦੇਸ਼ ਵੰਡ ਸਮੇਂ ਉਹ ਯੂਪੀ ਵਿਚ ਮੁਗ਼ਲ ਸਰਾਏ ਸਟੇਸ਼ਨ ਦਾ ਸਭ ਤੋਂ ਵੱਡਾ ਅਫ਼ਸਰ ਸੀ। ਉਥੇ ਬੰਗਲਾ ਤੇ ਨੌਕਰ ਮਿਲ ਗਏ ਸਨ। ਹਰਜੀਤ ਦਾ ਜਨਮ 7 ਜਨਵਰੀ 1949 ਨੂੰ ਮੋਗੇ ’ਚ ਹੋਇਆ ਪਰ ਬਚਪਨ ਮੁਗ਼ਲ ਸਰਾਏ ਦੇ ਬੰਗਲੇ, ਵਧੀਆ ਸਕੂਲਾਂ ਤੇ ਗਰਾਊਂਡਾਂ ਵਿਚ ਖੇਡਦਿਆਂ ਬੀਤਿਆ। ਬਾਪ ਅਸੂਲਾਂ ਦਾ ਪੱਕਾ ਤੇ ਅਨੁਸਾਸ਼ਨ ਦਾ ਪਾਬੰਦ ਸੀ ਜਿਸ ਕਰਕੇ ਬੱਚਿਆਂ ਨੂੰ ਖਿੱਚ ਕੇ ਰੱਖਦਾ।






ਹਰਜੀਤ ਬਾਰਾਂ ਸਾਲਾਂ ਦਾ ਸੀ ਕਿ ਬਾਪ ਦਾ ਸਾਇਆ ਸਿਰ ਤੋਂ ਉਠ ਗਿਆ। ਵਿਧਵਾ ਮਾਂ ਪੰਜਾਂ ਬੱਚਿਆਂ ਨੂੰ ਲੈ ਕੇ ਮੋਗੇ ਬਿਰਧ ਬਾਪ ਦੇ ਬੂਹੇ ਆ ਬੈਠੀ। ਬਾਪ ਦੀਆਂ ਚਾਰ ਧੀਆਂ ’ਚੋਂ ਦੋ ਵਿਧਵਾ ਹੋ ਚੁੱਕੀਆਂ ਸਨ। ਉਨ੍ਹਾਂ ਦੇ ਸਾਰੇ ਬੱਚੇ ਅਜੇ ਵਿਦਿਆਰਥੀ ਸਨ। ਪਰਿਵਾਰ ਦੀ ਆਮਦਨ ਕੋਈ ਨਹੀਂ ਸੀ। ਨਾਨੇ ਦੀ ਜ਼ਮੀਨ ਦੇ ਠੇਕੇ ਨਾਲ ਹੀ ਪਰਿਵਾਰ ਦੀ ਗੱਡੀ ਰਿੜ੍ਹਨੀ ਸ਼ੁਰੂ ਹੋਈ। ਹਰਜੀਤ ਨੂੰ ਮੋਗੇ ਦੇ ਆਰੀਆ ਸਕੂਲ ’ਚ ਦਾਖਲ ਕਰਵਾਇਆ ਪਰ ਪੜ੍ਹਨ ਦੀ ਥਾਂ ਮਿੱਟੀ ਦੇ ਬਲਦ ਘੋੜੇ ਬਣਾਉਂਦਾ ਦਸਵੀਂ ’ਚੋਂ ਦੋ ਵਾਰ ਫੇਲ੍ਹ ਹੋ ਗਿਆ।

ਹਾਰ ਕੇ ਹਰਜੀਤ ਨੂੰ ਮੋਗੇ ਦੀ ਨੈਸਲੇ ਡੇਅਰੀ ’ਚ ਚਪੜਾਸੀ ਲੱਗਣਾ ਪਿਆ। ਜਦੋਂ ਚਾਰ ਪੈਸੇ ਜੁੜੇ ਤਾਂ ਮਿਸ਼ਨ ਸਕੂਲ ’ਚ ਪੜ੍ਹਨ ਲੱਗ ਪਿਆ। ਸਕੂਲ ਵੱਲੋਂ ਉਹ ਪੰਜਾਬ ਪੱਧਰ ਦੀ ਫੁੱਟਬਾਲ ਖੇਡਿਆ ਤੇ ਡਰਾਇੰਗ ਦਾ ਸਭ ਤੋਂ ਵਧੀਆ ਵਿਦਿਆਰਥੀ ਸਾਬਤ ਹੋਇਆ। ਫਿਰ ਅਧਿਆਪਕਾਂ ਦੀ ਮਦਦ ਨਾਲ ਦਸਵੀਂ ਪਾਸ ਕਰ ਗਿਆ। ਮਾਸਟਰ ਨਿਰਮਲ ਸਿੰਘ ਗਿੱਲ ਨੇ ਉਸ ਨੂੰ ਬੀਐੱਡ ਕਾਲਜ ਦੇ ਆਰਟ ਪ੍ਰੋਫ਼ੈਸਰ ਰਾਠੌਰ ਦੇ ਲੜ ਲਾ ਦਿਤਾ। ਰਾਠੌਰ ਦੀ ਸੰਗਤ ਵਿਚ ਹਰਜੀਤ ਦੀ ਪ੍ਰਤਿਭਾ ਨੂੰ ਸਹੀ ਸੇਧ ਮਿਲ ਗਈ। ਉਹ ਕਿਸੇ ਆਰਟ ਕਾਲਜ ਵਿਚ ਦਾਖਲਾ ਲੈਣਾ ਚਾਹੁੰਦਾ ਸੀ ਪਰ ਰੁਜ਼ਗਾਰ ਲਈ ਪਟਿਆਲੇ ਦੇ ਸਰੀਰਕ ਸਿੱਖਿਆ ਕਾਲਜ ਵਿਚ ਜਾ ਦਾਖਲ ਹੋਇਆ।

ਫਿਰ ਰੁਜ਼ਗਾਰ ਦਫਤਰਾਂ ਦੇ ਧੱਕੇ ਖਾਂਦਾ ਕਦੇ ਕਿਸੇ ਸਕੂਲ ’ਚ ਪੀਟੀ ਲੱਗਦਾ, ਕਦੇ ਕਿਸੇ ’ਚ। ਉਹ ਜਿਸ ਸਕੂਲ ਵਿਚ ਵੀ ਪੀਟੀ ਲੱਗਦਾ ਉਹਦੀਆਂ ਟੀਮਾਂ ਜਿੱਤਣ ਲੱਗਦੀਆਂ। ਅੱਜ ਵੀ ਉਹਦੇ ਸਮਕਾਲੀ ਦੱਸਦੇ ਹਨ, ਹਰਜੀਤ ਬਣਨਾ ਬਹੁਤ ਔਖਾ ਹੈ। ਉਹ ਤਾਂ ਦੂਸਰੇ ਅਧਿਆਪਕਾਂ ਦੇ ਖਾਲੀ ਪੀਰੀਅਡਾਂ ਵਿਚ ਵੀ ਕਲਾਸਾਂ ਲੈਣ ਜਾ ਵੜਦਾ। ਬੱਚਿਆਂ ਨੂੰ ਗਰਾਊਂਡ ਵਿਚ ਲੈ ਜਾਂਦਾ। ਕਦੇ ਗਿੱਲੀ ਮਿੱਟੀ ਨਾਲ ਜਾਨਵਰ ਬਣਾਉਣੇ ਸਿਖਾਉਂਦਾ, ਕਦੇ ਪੇਂਟਿੰਗ ਸਿਖਾਉਂਦਾ, ਕਦੇ ਲੱਕੜ ਤਰਾਸ਼ੀ। ਉਹ ਛੁੱਟੀ ਵਾਲੇ ਦਿਨ ਵੀ ਬੱਚਿਆਂ ਨੂੰ ਸਕੂਲ ’ਚ ਬੁਲਾ ਲੈਂਦਾ ਤੇ ਮੋਗਿਓਂ ਸਵੇਰੇ ਹੀ ਸਾਈਕਲ ’ਤੇ ਨਿਕਲ ਜਾਂਦਾ। ਕਦੇ ਡਾਲੇ, ਕਦੇ ਮਹਿਣੇ, ਕਦੇ ਘੱਲ ਕਲਾਂ, ਕਦੇ ਦੀਨਾ ਸਾਹਿਬ, ਕਦ ਕਿਤੇ ਹੋਰ...।

ਪੀਟੀ ਹੁੰਦਿਆਂ ਉਸ ਨੇ ਪ੍ਰਾਈਵੇਟ ਬੀਏ ਕਰ ਲਈ। ਫਿਰ ਸਕੂਲੋਂ ਛੁੱਟੀ ਲੈ ਕੇ ਹੁਸ਼ਿਆਰਪੁਰ ਦੇ ਸਰਕਾਰੀ ਕਾਲਜ ਤੋਂ ਫਾਈਨ ਆਰਟਸ ਦੀ ਐਮਏ ਕੀਤੀ। 1983 ਵਿਚ ਉਸ ਨੂੰ ਸਟੇਟ ਪੱਧਰ ਦਾ ਕਲਾ ਅਵਾਰਡ ਮਿਲਿਆ। ਪੰਜਾਬ ਦੇ ਗਵਰਨਰ ਨੇ ਉਚੇਚਾ ਪਰਸ਼ੰਸਾ ਪੱਤਰ ਦਿੱਤਾ। ਬਾਬਾ ਫਰੀਦ ਮੇਲੇ ਵਿਚ ਡੀਸੀ ਫਰੀਦਕੋਟ ਨੇ ਤੇ ਢੁੱਡੀਕੇ ਦੇ ਲਾਜਪਤ ਰਾਏ ਮੇਲੇ ਵਿਚ ਮੁੱਖ ਸਕੱਤਰ ਨੇ ਐਵਾਰਡ ਦਿੱਤੇ। ਫਿਰ ਉਹ ਆਪਣੀ ਭੈਣ ਕੋਲ ਨਿਊਯਾਰਕ ਚਲਾ ਗਿਆ। ਉਥੇ ਸਾਈਨ ਬੋਰਡ ਲਿਖਣ ਦੀ ਮਜ਼ਦੂਰੀ ਕਰਦਾ ਰਿਹਾ। ਆਖ਼ਰ 2010 ਤੋਂ ਉਹਦੀ ਮੋਜ਼ੇਕੀ ਦਾ ਮੁੱਲ ਪੈਣ ਲੱਗਾ। ਉਸ ਨੇ ਕੱਚ ਦੀਆਂ ਬਰੀਕ ਟੁੱਕੜੀਆਂ ਜੋੜ ਕੇ ਬਾਬਾ ਫਰੀਦ ਦਾ ਚਿੱਤਰ ਬਣਾਇਆ ਜਿਸ ਵਿਚ ਚਿਹਰੇ ਦੀ ਰੂਹਾਨੀਅਤ ਉਜਾਗਰ ਕੀਤੀ। ਮੋਜ਼ੇਕ ਸ਼ੈਲੀ ਵਿਚ ਆਸਕਰ ਅਵਾਰਡ ਦੇ ਘੁੰਮਦੇ ਹੋਣ ਦਾ ਪ੍ਰਭਾਵ ਪ੍ਰਵੀਨਤਾ ਨਾਲ ਸਿਰਜਿਆ। ਹਰਿਮੰਦਰ ਸਾਹਿਬ ਦਾ ਚਿੱਤਰ ਇਕ ਸਾਲ ਦੀ ਮਿਹਨਤ ਨਾਲ ਤਿਆਰ ਕੀਤਾ। ਉਸ ਵਿਚ ਦਰਬਾਰ ਸਾਹਿਬ ਦਾ ਸਰੋਵਰ ’ਤੇ ਝਿਲਮਿਲਾਉਂਦਾ ਅਕਸ ਚਮਤਕਾਰੀ ਮਹਿਸੂਸ ਹੁੰਦਾ ਹੈ। ਕਲਾਵਾਂ ਦੀ ਪਾਰਖੂ ਮੋਨਿਕਾ ਨੇ ਨਾਰਥ ਅਮੈਰੀਕਨ ਸਿੱਖ ਰੀਵਿਊ ਵਿਚ ਲਿਖਿਆ, “ਹਰਜੀਤ ਦਾ ਆਰਟ ਵਰਕ ਆਪਣੇ ਮੂੰਹੋਂ ਬੋਲਦਾ ਹੈ ਜੋ ਉਹਦੇ ਸਬਰ ਸੰਤੋਖ, ਸਖ਼ਤ ਮਿਹਨਤ, ਸਿਰੜ, ਦ੍ਰਿੜਤਾ ਤੇ ਤਿਆਗ ਦੀ ਗਵਾਹੀ ਦਿੰਦਾ ਹੈ।” ਡਾ. ਸਰੋਜ ਰਾਣੀ ਨੇ ਲਿਖਿਆ, “ਹਰਜੀਤ ਮਿੱਟੀ, ਲੱਕੜ, ਕੱਚ ਤੇ ਪੱਥਰਾਂ ਨਾਲ ਆਪਣੀ ਪਿਛਲੇ ਜਨਮ ਦੀ ਸਾਂਝ ਦੱਸਦਾ ਹੈ। ਉਹ ਮਿੱਟੀ ਵਿਚ ਸਿਰਜੇ ਚਿਹਰੇ ਤੇ ਪੰਜਾਂ ਇੰਦਰੀਆਂ ਦਾ ਮੇਲ ਇੰਜ ਮੇਲਦਾ ਹੈ ਜਿਵੇਂ ਖ਼ਾਸ ਮਿੱਟੀ, ਖ਼ਾਸ ਆਦਮੀ ਦੇ ਚਰਿਤਰ ਲਈ ਹੀ ਬਣੀ ਹੋਵੇ। ਹਰਜੀਤ ਟੋਭਿਆਂ ਦੀ ਮਿੱਟੀ ਨੂੰ ਸਾਕਾਰ ਰੂਪ ਦੇਣ ਵਾਲਾ ਕਲਾਕਾਰ ਹੈ।”

ਉਸ ਦੇ ਆਰਟ ਗੁਰੂ ਪ੍ਰੋ. ਰਾਠੌਰ ਜੋ ਪੈਂਸਲ ਵਰਕ, ਵਾਟਰ-ਕਲਰ, ਆਇਲ ਕਲਰ ਤੇ ਬੁੱਤ ਤਰਾਸ਼ੀ ’ਚ ਮਾਹਿਰ ਸਨ ਨੇ ਹਰਜੀਤ ਨੂੰ ਐਸਾ ਚੰਡਿਆ ਸੀ ਕਿ ਫਿਰ ਉਸ ਨੇ ਪਿੱਛੇ ਮੁੜ ਕੇ ਨਾ ਵੇਖਿਆ। ਹਰਜੀਤ ਆਪਣੀ ਮਿਹਨਤ ਤੇ ਲਗਨ ਬਾਰੇ ਦੱਸਦਾ ਹੈ, “ਇਕ ਵਾਰ ਮੈਂ ਰਾਠੌਰ ਸਾਬ੍ਹ ਕੋਲ ਬੈਠਾ ਸ਼ਹੀਦ ਭਗਤ ਸਿੰਘ ਦਾ ਬੁੱਤ ਬਣਾ ਰਿਹਾ ਸਾਂ। ਮੈਂ ਆਪਣੇ ਕੰਮ ’ਚ ਏਨਾ ਮਗਨ ਸਾਂ ਕਿ ਪਤਾ ਹੀ ਨਾ ਲੱਗਾ, ਕਿੰਨੇ ਘੰਟੇ ਪੈਰਾਂ ਭਾਰ ਬੈਠਾ ਆਪਣੀ ਧੁਨ ਵਿਚ ਲੱਗਾ ਰਿਹਾ? ਜਦੋਂ ਸ਼ਾਮ ਨੂੰ ਕੰਮ ਮੁਕਾ ਕੇ ਉੱਠਣ ਲੱਗਾ ਤਾਂ ਧੜੰਮ ਕਰ ਕੇ ਪਿੱਠ ਪਰਨੇ ਡਿੱਗ ਪਿਆ। ਪੈਰਾਂ ਨੇ ਭਾਰ ਨਾ ਝੱਲਿਆ। ਪੈਰ ਸੁੰਨ ਹੋਏ ਪਏ ਸਨ। ਖੜਕਾ ਸੁਣ ਕੇ ਗੁਰੂ ਰਾਠੌਰ ਜੀ ਭੱਜੇ ਆਏ ਤੇ ਮੈਨੂੰ ਡਿੱਗੇ ਨੂੰ ਚੁੱਕਿਆ।”

ਹਰਜੀਤ ਸੰਧੂ ਨੇ ਬਾਬਾ ਫਰੀਦ ਤੋਂ ਲੈ ਕੇ ਦਰਬਾਰ ਸਾਹਿਬ, ਮਦਰ ਟਰੇਸਾ, ਬਰਾਕ ਓਬਾਮਾ, ਔਸਕਰ ਐਵਾਰਡ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸ਼ਹੀਦ ਭਗਤ ਸਿੰਘ ਆਦਿ ਦੇ ਦਰਜਨ ਕੁ ਮੋਜ਼ੇਕ ਸਿਰਜੇ ਹਨ ਅਤੇ ਮਿੱਟੀ ਤੇ ਲੱਕੜ ਦੀਆਂ ਵੀ ਕਈ ਕਲਾ ਕ੍ਰਿਤਾਂ ਸਾਜੀਆਂ ਹਨ। ਉਹਦੀ ਕਲਾ ਦਾ ਸਿਰੜੀ ਸਫ਼ਰ ਜਾਰੀ ਹੈ ਜੋ ਅੰਤਲੇ ਦਮ ਤਕ ਜਾਰੀ ਰਹੇਗਾ। ਕਿਸੇ ਕਵੀ ਦੀਆਂ ਸਤਰਾਂ ਹਨ:

ਜਦੋਂ ਵਾਰੀ ਆਈ ਤਾਂ ਜਹਾਨ ਛੱਡ ਜਾ
ਪਿੱਛੇ ਪਰ ਪੈੜਾਂ ਦੇ ਨਿਸ਼ਾਨ ਛੱਡ ਜਾ
ਲੱਖਾਂ ਆਏ ਮੇਲਿਆਂ ’ਚ ਗੁੰਮ ਹੋ ਗਏ
ਵੱਖਰੀ ਕੋਈ ਆਪਣੀ ਪਛਾਣ ਛੱਡ ਜਾ

**principalsarwansingh@gmail.com**

# ਪਰਵਾਸੀਆਂ ਦੇ ਸੁਪਨੇ

**ਕਦੇ-ਕਦੇ ਮਨ ਭਰ ਜਾਂਦਾ ਹੈ ਤੇ ਕਦੇ ਕਦੇ ਹੁਲਾਸ ਵੀ ਬਹੁਤ ਹੁੰਦਾ ਤੇ ਫਿਰ ਕਦੇ ਕਦੇ ਮੈਂ ਸੁੰਨ ਹੋ ਜਾਂਦਾ ਹਾਂ। ਮੈਂ ਸੋਚਦਾ ਹਾਂ, ਕੀ ਇਹ ਪੰਜਾਬ ਲਈ ਚੰਗਾ ਹੈ? ਕੀ ਇਹ ਨੌਜਵਾਨਾਂ ਲਈ ਸਵੱਲਾ ਹੈ? ਕੀ ਇਹ ਪਰਿਵਾਰਾਂ ਲਈ ਸਹਾਈ ਹੈ? ਇਹ ਸਵਾਲ ਅਤੇ ਇਨ੍ਹਾਂ ਦੇ ਜਵਾਬ ਮੈਨੂੰ ਪ੍ਰੇਸ਼ਾਨ ਕਰਦੇ ਹਨ। ਬੜੇ ਚਿਰਾਂ ਬਾਅਦ ਮੇਰਾ ਇਕ ਪੁਰਾਣਾ ਮਿੱਤਰ ਲੰਡਨ ਤੋਂ ਮੈਨੂੰ ਮਿਲਣ ਲਈ ਆਇਆ ਸੀ। ਅਸੀਂ ਕੁਝ ਹੋਰਨਾਂ ਦੋਸਤਾਂ ਬਾਰੇ ਗੱਲਾਂ ਕੀਤੀਆਂ ਜਿਨ੍ਹਾਂ ਵਿਚੋਂ ਕੁਝ ਇੱਥੇ ਹੀ ਟਿਕੇ ਰਹਿ ਗਏ ਸਨ ਅਤੇ ਕੁਝ ਹੋਰ ਦੂਜੇ ਦੇਸ਼ਾਂ ਵੱਲ ਪਰਵਾਸ ਕਰ ਗਏ ਸਨ। ਪੁਰਾਣੇ ਦਿਨਾਂ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਤਾਜ਼ਾ ਹੋ ਗਈਆਂ।**

ਕੁੱਝ ਸਮੇਂ ਤੋਂ ਮੇਰੇ ਮਨ ਅੰਦਰ ਪੰਜਾਬ ਦੇ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਪਰਵਾਸ ਨਾਲ ਸਵਾਲ ਉੱਠਦੇ ਰਹੇ ਹਨ। ਕਦੇ-ਕਦੇ ਮਨ ਭਰ ਜਾਂਦਾ ਹੈ ਤੇ ਕਦੇ ਕਦੇ ਹੁਲਾਸ ਵੀ ਬਹੁਤ ਹੁੰਦਾ ਤੇ ਫਿਰ ਕਦੇ ਕਦੇ ਮੈਂ ਸੁੰਨ ਹੋ ਜਾਂਦਾ ਹਾਂ। ਮੈਂ ਸੋਚਦਾ ਹਾਂ, ਕੀ ਇਹ ਪੰਜਾਬ ਲਈ ਚੰਗਾ ਹੈ? ਕੀ ਇਹ ਨੌਜਵਾਨਾਂ ਲਈ ਸਵੱਲਾ ਹੈ? ਕੀ ਇਹ ਪਰਿਵਾਰਾਂ ਲਈ ਸਹਾਈ ਹੈ? ਇਹ ਸਵਾਲ ਅਤੇ ਇਨ੍ਹਾਂ ਦੇ ਜਵਾਬ ਮੈਨੂੰ ਪ੍ਰੇਸ਼ਾਨ ਕਰਦੇ ਹਨ। ਬੜੇ ਚਿਰਾਂ ਬਾਅਦ ਮੇਰਾ ਇਕ ਪੁਰਾਣਾ ਮਿੱਤਰ ਲੰਡਨ ਤੋਂ ਮੈਨੂੰ ਮਿਲਣ ਲਈ ਆਇਆ ਸੀ। ਅਸੀਂ ਕੁਝ ਹੋਰਨਾਂ ਦੋਸਤਾਂ ਬਾਰੇ ਗੱਲਾਂ ਕੀਤੀਆਂ ਜਿਨ੍ਹਾਂ ਵਿਚੋਂ ਕੁਝ ਇੱਥੇ ਹੀ ਟਿਕੇ ਰਹਿ ਗਏ ਸਨ ਅਤੇ ਕੁਝ ਹੋਰ ਦੂਜੇ ਦੇਸ਼ਾਂ ਵੱਲ ਪਰਵਾਸ ਕਰ ਗਏ ਸਨ। ਪੁਰਾਣੇ ਦਿਨਾਂ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਤਾਜ਼ਾ ਹੋ ਗਈਆਂ।

ਘੁੰਮ ਫਿਰ ਕੇ ਚਰਚਾ ਪੰਜਾਬ ਤੋਂ ਹੋ ਰਹੇ ਪਰਵਾਸ ’ਤੇ ਕੇਂਦਰਤ ਹੋ ਗਈ ਤੇ ਉਸ ਨੇ ਮੈਨੂੰ ਬਰਤਾਨੀਆ ਵਿਚ ਆਪਣੇ ਪਰਵਾਸ ਦੀ ਕਹਾਣੀ ਸੁਣਾਈ। ਉਨ੍ਹਾਂ ਦਾ ਪਿੰਡ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦਾ ਹੈ। ਖੇਤੀਬਾੜੀ ਕਰਨ ਵਾਲਾ ਪਰਿਵਾਰ ਸੀ ਅਤੇ ਉਨ੍ਹਾਂ ਦੇ ਪਿਤਾ ਜੀ ਹੁਰੀਂ ਚਾਰ ਭਰਾ ਸਨ। ਸਭ ਤੋਂ ਛੋਟੇ ਉਨ੍ਹਾਂ ਦੇ ਪਿਤਾ ਜੀ ਘਰ ਦੇ ਡੰਗਰ ਪਸ਼ੂ ਸਾਂਭਦੇ ਸਨ। ਉਨ੍ਹਾਂ ਦਾ ਇਕ ਰਿਸ਼ਤੇਦਾਰ ਮਲਾਇਆ ਰਹਿੰਦਾ ਸੀ ਜਿਸ ਦੀਆਂ ਚਿੱਠੀਆਂ ਪੜ੍ਹ ਕੇ ਉਨ੍ਹਾਂ ਦੇ ਪਿਤਾ ਨੇ ਵੀ ਵਿਦੇਸ਼ ਜਾਣ ਦੇ ਸੁਪਨੇ ਦੇਖਣੇ ਸ਼ੁਰੂ ਕਰ ਦਿੱਤੇ ਸਨ। ਇਕ ਕੋਠੇ ਵਿਚ ਉਹ ਪਸ਼ੂਆਂ ਲਈ ਤੂੜੀ ਪਾਉਂਦੇ ਸਨ। ਇਕ ਦਿਨ ਉਹ ਤੰਗਲੀ ਨਾਲ ਤੂੜੀ ਕੱਢ ਰਹੇ ਸਨ ਕਿ ਅਚਨਚੇਤ ਕੋਠੇ ਦੀ ਛੱਤ ਦੇ ਇਕ ਬਾਲੇ ਕੋਲੋਂ ਕਿਸੇ ਚੀਜ਼ ਦੇ ਖਣਕਣ ਦੀ ਆਵਾਜ਼ ਆਈ। ਕੱਪੜੇ ਵਿਚ ਚਾਂਦੀ ਦੇ ਸਿੱਕੇ ਬੰਨ੍ਹ ਕੇ ਰੱਖੇ ਹੋਏ ਸਨ। ਜਦੋਂ ਉਨ੍ਹਾਂ ਗਿਣੇ ਤਾਂ ਅੱਸੀ ਸਿੱਕੇ ਨਿੱਕਲੇ। ਉਨ੍ਹਾਂ ਦੀ ਤਾਂ ਜਿਵੇਂ ਕਿਸਮਤ ਖੁੱਲ੍ਹ ਗਈ। ਇਹ 1940ਵਿਆਂ ਦੇ ਸ਼ੁਰੂ ਦੀ ਗੱਲ ਸੀ। ਸੋ, ਉਨ੍ਹਾਂ ਫ਼ੈਸਲਾ ਕਰ ਲਿਆ ਕਿ ਕਿਸਮਤ ਨੇ ਉਨ੍ਹਾਂ ਨੂੰ ਮੌਕਾ ਦਿੱਤਾ ਹੈ ਅਤੇ ਉਨ੍ਹਾਂ ਸਿੱਕਿਆਂ ਦੀ ਭਿਣਕ ਆਪਣੀ ਪਤਨੀ ਨੂੰ ਵੀ ਨਾ ਪੈਣ ਦਿੱਤੀ, ਕਿ ਉਹ ਉਨ੍ਹਾਂ ਨੂੰ ਮਲਾਇਆ ਜਾਣ ਤੋਂ ਨਾ ਰੋਕ ਲਵੇ।



ਉਦੋਂ ਅੰਮ੍ਰਿਤਸਰ ਤੋਂ ਕਲਕੱਤੇ (ਹੁਣ ਕੋਲਕਾਤਾ) ਲਈ ਹਾਵੜਾ ਐਕਸਪ੍ਰੈੱਸ ਰੇਲ ਗੱਡੀ ਚਲਦੀ ਸੀ। ਉਨ੍ਹਾਂ ਰੇਲ ਗੱਡੀ ਫੜੀ ਤੇ ਕਲਕੱਤਾ ਪਹੁੰਚ ਗਏ ਤੇ ਕੁਝ ਦਿਨ ਉੱਥੇ ਗੁਰਦੁਆਰਾ ਸਾਹਿਬ ਵਿਚ ਠਹਿਰੇ ਅਤੇ ਫਿਰ ਉੱਥੋਂ ਸਮੁੰਦਰੀ ਜਹਾਜ਼ ਚੜ੍ਹ ਕੇ ਮਲਾਇਆ ਪਹੁੰਚ ਗਏ। ਜਦੋਂ ਉਨ੍ਹਾਂ ਦਾ ਜਹਾਜ਼ ਮਲਾਇਆ ਬੰਦਰਗਾਹ ’ਤੇ ਪਹੁੰਚਿਆ ਤਾਂ ਉਦੋਂ ਤੱਕ ਜਪਾਨੀ ਫ਼ੌਜ ਬਰਤਾਨਵੀਆਂ ਨੂੰ ਪਛਾੜ ਕੇ ਸਿੰਗਾਪੁਰ ਅਤੇ ਮਲਾਇਆ ਉਪਰ ਕਾਬਜ਼ ਹੋ ਗਈ ਸੀ। ਉਨ੍ਹਾਂ ਦਾ ਉਹ ਰਿਸ਼ਤੇਦਾਰ ਉੱਥੋਂ ਜਾ ਚੁੱਕਿਆ ਸੀ ਅਤੇ ਹੁਣ ਉਹ ਨਵੇਂ ਹਾਕਮਾਂ ਦੀ ਕਿਰਪਾ ਦੇ ਮੁਥਾਜ ਹੋ ਕੇ ਰਹਿ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਦਾ ਲੰਮਾ ਸੰਘਰਸ਼ ਸ਼ੁਰੂ ਹੋਇਆ ਅਤੇ ਕਰੀਬ ਦਸ ਸਾਲਾਂ ਮਗਰੋਂ ਉਨ੍ਹਾਂ ਆਪਣੀ ਪਤਨੀ ਤੇ ਬੱਚਿਆਂ ਨੂੰ ਸਿੰਗਾਪੁਰ ਸੱਦ ਲਿਆ ਜੋ ਮੁੜ ਬਰਤਾਨਵੀ ਰਾਜ ਅਧੀਨ ਆ ਚੁੱਕਿਆ ਸੀ।

ਦਸ ਸਾਲਾਂ ਬਾਅਦ ਪਿਤਾ ਨੇ ਆਪਣੇ ਬੱਚਿਆਂ ਨੂੰ ਕਲਾਵੇ ਵਿਚ ਲਿਆ ਤੇ ਇਵੇਂ ਪਰਿਵਾਰ ਸਿੰਗਾਪੁਰ ਵਿਚ ਵਸ ਗਿਆ। ਮੇਰਾ ਮਿੱਤਰ ਪੰਜਾਬ ਦੇ ਛੋਟੇ ਜਿਹੇ ਪਿੰਡ ਤੋਂ ਉਠ ਕੇ ਯਕਦਮ ਵੱਡੇ ਸ਼ਹਿਰ ਵਿਚ ਚਲਾ ਗਿਆ। 1950ਵਿਆਂ ਦੇ ਅਖੀਰ ਵਿਚ ਇਕ ਦਿਨ ਉਹ ਵੀ ਪਾਣੀ ਵਾਲੇ ਜਹਾਜ਼ ਵਿਚ ਚੜ੍ਹ ਗਿਆ ਜੋ ਫਰਾਂਸ ਦੇ ਸ਼ਹਿਰ ਮਾਰਸੇਲਜ਼ ਜਾ ਕੇ ਰੁਕਿਆ ਅਤੇ ਉੱਥੋਂ ਕਲਾਸ, ਡੋਵਰ ਹੁੰਦਾ ਹੋਇਆ ਲੰਡਨ ਪਹੁੰਚਿਆ। ਉੱਥੇ ਪਹੁੰਚ ਕੇ ਉਸ ਨੇ ਇਕ ਗੁਰਦੁਆਰਾ ਸਾਹਿਬ ਵਿਚ ਸ਼ਰਨ ਲਈ। ਇਕ ਮਿਹਰਬਾਨ ਬਜ਼ੁਰਗ ਸਿੱਖ ਨੇ ਉਸ ਨੂੰ ਜੈਕਟ, ਪੈਂਟ ਤੇ ਜੁੱਤੇ ਲਿਆ ਕੇ ਦਿੱਤੇ ਅਤੇ ਉਸ ਲਈ ਕੰਮ ਲੱਭਿਆ। ਇਹ ਬੜੀ ਲੰਮੀ ਕਹਾਣੀ ਹੈ ਜਿਸ ਦੀ ਹੋਰ ਚਰਚਾ ਕਿਸੇ ਹੋਰ ਦਿਨ ਕਰਾਂਗਾ ਪਰ ਇੰਨਾ ਦੱਸਣਾ ਜ਼ਰੂਰੀ ਹੈ ਕਿ ਮੇਰਾ ਉਹ ਦੋਸਤ ਕਈ

**ਨਵਨੀਤ ਕੌਰ**

ਪਾਪੜ ਵੇਲਦਾ ਆਖ਼ਰ ਫਰੀ ਸਟਾਈਲ ਰੈਸਲਿੰਗ ਕਰਨ ਲੱਗ ਪਿਆ ਤੇ ਇਸ ਤੋਂ ਮਿਲੇ ਪੈਸਿਆਂ ਨੂੰ ਸੂਝ ਬੂਝ ਨਾਲ ਨਿਵੇਸ਼ ਕਰਨ ਸਦਕਾ ਅੱਜ ਉਹ ਬੜੇ ਆਰਾਮ ਨਾਲ ਆਪਣੇ ਬੁਢਾਪੇ ਦੇ ਦਿਨ ਗੁਜ਼ਾਰ ਰਿਹਾ ਹੈ। ਉਸ ਦੇ ਬੱਚੇ ਤੇ ਪੋਤੇ ਪੋਤਰੀਆਂ ਨੇ ਚੰਗੀ ਪੜ੍ਹਾਈ ਹਾਸਲ ਕਰ ਕੇ ਚੰਗੇ ਕਾਰੋਬਾਰ ਸਥਾਪਤ ਕਰ ਲਏ। ਉਸ ਨੇ ਉੱਥੇ ਆਪਣੇ ਨਾਲ ਹੋਏ ਵਿਤਕਰਿਆਂ ਦੀ ਕਹਾਣੀ ਵੀ ਸੁਣਾਈ ਕਿ ਕਿਵੇਂ ਭਾਰਤੀਆਂ ਨੂੰ ਪੱਬਾਂ ਅਤੇ ਹੋਰਨਾਂ ਜਨਤਕ ਅਦਾਰਿਆਂ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਂਦਾ ਸੀ। ਫਿਰ ਭਾਰਤੀ ਕਾਮਿਆਂ ਦੀ ਜਥੇਬੰਦੀ ਨੂੰ ਬਰਾਬਰ ਹੱਕਾਂ ਦੀ ਲੜਾਈ ਲੜਨੀ ਪਈ ਸੀ। ਇਹੋ ਜਿਹੀਆਂ ਕਿੰਨੀਆਂ ਕਹਾਣੀਆਂ, ਕਿੰਨੀਆਂ ਔਕੜਾਂ ਹਨ, ਫਿਰ ਵੀ ਹਜ਼ਾਰਾਂ ਦੀ ਤਾਦਾਦ ਵਿਚ ਲੋਕ ਬਰਤਾਨੀਆ ਵੱਲ ਵਹੀਰਾਂ ਘੱਤ ਕੇ ਜਾਂਦੇ ਰਹੇ। ਅੱਜ ਪਰਵਾਸੀ, ਬਰਤਾਨੀਆ ਦਾ ਬਹੁਤ ਵੱਡਾ ਤੇ ਖੁਸ਼ਹਾਲ ਵਰਗ ਬਣ ਚੁੱਕੇ ਹਨ। ਇਹ ਚਾਂਦੀ ਦੇ ਅੱਸੀ ਸਿੱਕੇ ਲੈ ਕੇ ਕਿਸੇ ਅਣਜਾਣ ਮੁਲਕ ਵਿਚ ਜਾ ਕੇ ਵਸਣ ਵਾਲੇ ਕਿਸੇ ਇਕ ਸ਼ਖ਼ਸ ਦੀ ਕਹਾਣੀ ਨਹੀਂ ਹੈ ਸਗੋਂ ਉਨ੍ਹਾਂ ਲੱਖਾਂ ਪੰਜਾਬੀਆਂ ਦੀ ਕਹਾਣੀ ਹੈ ਜੋ ਪੂਰੀ ਵੀਹਵੀਂ ਸਦੀ ਵਿਚ ਅਤੇ ਹਾਲੇ ਤੱਕ ਵੀ ਵਿਦੇਸ਼ੀ ਮੁਲਕਾਂ ਵਿਚ ਆਪਣਾ ਭਵਿੱਖ ਸਿਰਜਣ ਦੇ ਆਸਵੰਦ ਰਹੇ ਹਨ। ਬਰਤਾਨੀਆ, ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਇਟਲੀ, ਯੂਨਾਨ (ਗ੍ਰੀਸ) ਜਾਂ ਤੁਸੀਂ ਕਿਸੇ ਦੇਸ਼ ਦਾ ਨਾਂ ਲਓ, ਉਹ ਤੁਹਾਨੂੰ ਉੱਥੇ ਮਿਲ ਜਾਣਗੇ।

ਇਨ੍ਹਾਂ ’ਚੋਂ ਜ਼ਿਆਦਾਤਰ ਪਰਵਾਸੀਆਂ ਨੂੰ ਮੇਰੇ ਦੋਸਤ ਤੇ ਉਨ੍ਹਾਂ ਦੇ ਪਿਤਾ ਵਾਂਗ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਉਹ ਸਾਬਤਕਦਮੀਂ ਆਪਣੀ ਮੰਜ਼ਲ ਵੱਲ ਤੁਰਦੇ ਗਏ। ਉਹ ਜਿੱਥੇ ਵੀ ਗਏ ਪੰਜਾਬੀਅਤ ਦੀ ਭਾਵਨਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸੰਤ ਕਬੀਰ ਜੀ, ਬਾਬਾ ਫ਼ਰੀਦ ਜੀ ਦੀ ਬਾਣੀ ਤੇ ਉਪਦੇਸ਼ਾਂ ਨੂੰ ਉਨ੍ਹਾਂ ਕਦੇ ਵਿਸਰਨ ਨਹੀਂ ਦਿੱਤਾ। ਤੁਸੀਂ ਦੇਖੋਗੇ ਕਿ ਉਹ ਡਾਕਟਰ, ਵਿਦਵਾਨ, ਇੰਜਨੀਅਰ, ਅਧਿਆਪਕ, ਕਾਰੋਬਾਰੀ, ਸਿਆਸਤਦਾਨ ਹੁੰਦੇ ਹੋਏ ਆਪਣੇ ਭਾਈਚਾਰਿਆਂ ਨਾਲ ਕਿਵੇਂ ਰਚੇ ਮਿਚੇ ਹੋਏ ਹਨ ਅਤੇ ਮਿਹਨਤ ਨਾਲ ਕਮਾਈ ਕਰ ਰਹੇ ਹਨ। ਇਨ੍ਹਾਂ ਮੁਲਕਾਂ ਨੇ ਉਨ੍ਹਾਂ ਨੂੰ ਵਧਣ ਫੁੱਲਣ ਦਾ ਮੰਚ ਦਿੱਤਾ ਹੈ। ਪਰਵਾਸੀਆਂ ਨੇ ਉੱਥੇ ਖੂਬ ਨਾਂ ਕਮਾਇਆ ਅਤੇ ਉਹ ਉਨ੍ਹਾਂ ਦੇ ਭਾਈਚਾਰਿਆਂ ਦਾ ਮੁੱਲਵਾਨ ਹਿੱਸਾ ਬਣ ਗਏ ਹਨ। ਜ਼ਿਆਦਾਤਰ ਪਰਵਾਸੀ ਉੱਥੇ ਸਥਾਪਤ ਹੋ ਗਏ ਹਨ ਅਤੇ ਹੁਣ ਉਨ੍ਹਾਂ ਦੀ ਦੂਜੀ ਤੇ ਤੀਜੀ ਪੀੜ੍ਹੀ ਉੱਥੋਂ ਦੀ ਮੁੱਖਧਾਰਾ ਦਾ ਅੰਗ ਬਣ ਗਈ ਹੈ।

ਪੰਜਾਬੀਆਂ ਦੇ ਪਰਵਾਸ ਦਾ ਮੂਲ ਕਾਰਨ ਕੀ ਸੀ? ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਤਿੰਨ ਲੜਾਈਆਂ ਹੋਈਆਂ ਸਨ ਤੇ ਇਸ ਤੋਂ ਬਾਅਦ ਇਕ ਵੱਡਾ ਰਾਜ ਅਤੇ ਇਸ ਦੀ ਲੋਕਾਈ ਲਾਵਾਰਸ ਹੋ ਗਏ। ਕੀ ਇਸ ਪਿੱਛੇ ਪੰਜਾਬ ’ਤੇ ਅੰਗਰੇਜ਼ਾਂ ਦੀ ਜਿੱਤ ਜ਼ਿੰਮੇਵਾਰ ਸੀ? ਕੀ ਇਹ ਇਸ ਕਰ ਕੇ ਹੋਇਆ ਕਿ ਅੰਗਰੇਜ਼ਾਂ ਨੇ ਪੁਰਾਣੇ ਰਾਜ ਦੀ ਫ਼ੌਜ ਦੇ ਵੱਡੇ ਹਿੱਸੇ ਨੂੰ ਆਪਣੀਆਂ ਸਫ਼ਾਂ ਵਿਚ ਸ਼ਾਮਲ ਕਰ ਲਿਆ ਸੀ ਅਤੇ ਫਿਰ ਪੰਜਾਬੀਆਂ ਦੀ ਹੋਰ ਜ਼ਿਆਦਾ ਭਰਤੀ ਕਰ ਕੇ ਕਈ ਦੇਸ਼ਾਂ ਵਿਚ ਆਪਣੀਆਂ ਲੜਾਈਆਂ ਲੜੀਆਂ ਸਨ? ਕੀ ਇਹ ਵੰਡ ਵੇਲੇ ਹੋਏ ਕਤਲੇਆਮ ਅਤੇ ਉਜਾੜੇ ਦਾ ਸਿੱਟਾ ਸੀ? ਮੇਰੇ ਦੋਸਤ ਨੇ ਇਨ੍ਹਾਂ ਮੋਹਰੀ ਪਰਵਾਸੀਆਂ ਦੀਆਂ ਜ਼ਿੰਦਗੀਆਂ ਦੀਆਂ ਜੋ ਕਹਾਣੀਆਂ ਸੁਣਾ ਕੇ ਮੇਰੀਆਂ ਅੱਖਾਂ ਖੋਲ੍ਹੀਆਂ ਹਨ, ਉਸ ਲਈ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ ਤੇ ਉਨ੍ਹਾਂ ਨੇ ਉੱਥੇ ਪਹੁੰਚ ਕੇ ਜੋ ਮੱਲਾਂ ਮਾਰੀਆਂ ਹਨ, ਉਨ੍ਹਾਂ ਬਾਰੇ ਇੱਥੇ ਰਹਿ ਕੇ ਸੋਚਿਆ ਵੀ ਨਹੀਂ ਜਾ ਸਕਦਾ ਸੀ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮੈਂ ਕਦੇ ਵੀ ਨਹੀਂ ਛੁਟਿਆ ਸਕਾਂਗਾ। ਲੋਕਾਂ ਨੂੰ ਜ਼ਮੀਨ ਜਾਇਦਾਦ ਨਹੀਂ ਸਗੋਂ ਉਨ੍ਹਾਂ ਦਾ ਸੰਘਰਸ਼, ਉਨ੍ਹਾਂ ਦੇ ਆਗੂ ਅਤੇ ਅਧਿਆਪਕ ਤਰਾਸ਼ਦੇ ਹਨ। ਬੁਰੀ ਤਰ੍ਹਾਂ ਛਾਂਗਿਆ ਹੋਇਆ ਅਜੋਕਾ ਪੰਜਾਬ ਆਪਣੇ ਸਭ ਤੋਂ ਬੇਸ਼ਕੀਮਤੀ ਸਰੋਤ (ਜ਼ਮੀਨ ਜਾਂ ਪਾਣੀ ਨਹੀਂ), ਭਾਵ ਮਾਨਵੀ ਸਰੋਤ ਦੇ ਇਕ ਹਿੱਸੇ ਤੋਂ ਵਾਂਝਾ ਹੋ ਗਿਆ ਹੈ। ਉਹ ਜਿੱਥੇ ਵੀ ਕਿਤੇ ਹੋਣਗੇ, ਪੰਜਾਬ ਅਤੇ ਪੰਜਾਬੀਅਤ ਦੀ ਭਾਵਨਾ ਉਨ੍ਹਾਂ ਦੇ ਨਾਲ ਰਹੇਗੀ। ਪਰਵਾਸ ਦੇ ਸੁਪਨੇ ਸੰਜੋਣ ਵਾਲੇ ਨੌਜਵਾਨਾਂ ਨੂੰ ਮੈਂ ਬਸ ਇਹੀ ਕਹਾਂਗਾ ਕਿ ਉਨ੍ਹਾਂ ਦੀ ਇਸ ਯਾਤਰਾ ਵਿਚ ਰੱਬ ਉਨ੍ਹਾਂ ’ਤੇ ਮਿਹਰ ਦਾ ਹੱਥ ਰੱਖੇ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

## ਸ੍ਰੀ ਗੁਰੂ ਨਾਨਕ ਸਿੱਖ ਸੈਂਟਰ

99 ਗਲਿਡਨ ਰੋਡ, ਬਰੈਂਪਟਨ




ਪਹੁੰਚ ਰਹੇ ਰਾਗੀ ਸਿੰਘ

- ਅੰਮ੍ਰਿਤਪਾਲ ਸਿੰਘ
- ਬਲਵਿੰਦਰ ਸਿੰਘ
- ਰੁਪਿੰਦਰ ਸਿੰਘ

ਕਥਾਵਾਚਕ

- ਸੁਖਵੰਤ ਸਿੰਘ

ਢਾਡੀ ਜੱਥਾ

- ਮਲਕੀਤ ਸਿੰਘ ਲੌਂਗੋਵਾਲ

ਅਖੰਡ ਪਾਠ ਸਾਹਿਬ ਆਰੰਭ 3 ਜਨਵਰੀ
ਭੋਗ 5 ਜਨਵਰੀ

## ਸਿੱਖ ਸੰਗਤ ਗੁਰਦੁਆਰਾ ਸਾਹਿਬ

32 ਰੀਗਨ ਰੋਡ ਬਰੈਂਪਟਨ

Special Note: Request to Sangat Please do not park on east side of Regan Road. Parking is available at C A W building at 23 Regan Road



ਪਹੁੰਚ ਰਹੇ ਕੀਰਤਨ ਜੱਥਾ

- ਗੁਰਦੇਵ ਸਿੰਘ ਪਟਿਆਲੇ ਵਾਲੇ
- ਲਖਵਿੰਦਰ ਸਿੰਘ
- ਸਤਵੰਤ ਸਿੰਘ
- ਬੰਤ ਸਿੰਘ

ਕਥਾਵਾਚਕ

- ਰਛਪਾਲ ਸਿੰਘ

ਢਾਡੀ ਜੱਥਾ

- ਬਲਵੰਤ ਸਿੰਘ ਰੁਪਾਲੋਂ

ਅਖੰਡ ਪਾਠ ਸਾਹਿਬ ਆਰੰਭ 3 ਜਨਵਰੀ
ਭੋਗ 5 ਜਨਵਰੀ

ਸਿੱਖ ਸੰਗਤ ਗੁਰਦੁਆਰਾ ਸਾਹਿਬ 905-495-1200, ਸ੍ਰੀ ਗੁਰੂ ਨਾਨਕ ਸਿੱਖ ਸੈਂਟਰ 905-457-5757


# ਕੈਨੇਡਾ ’ਚ ਵਸਦੇ ਪਰਵਾਸੀ ਤਣਾਅ ਦਾ ਸ਼ਿਕਾਰ ਕਿਉਂ ?



ਰਜਿੰਦਰ ਸੈਣੀ
ਮੁਖੀ ਅਦਾਰਾ ਪਰਵਾਸੀ


ਇੱਥੇ ਪਾਰਕਾਂ ’ਚ ਜਨਤਕ ਥਾਵਾਂ ’ਤੇ ਬੈਠੇ ਤੇ ਸਮਾਗਮਾਂ ਵਿਚ ਸ਼ਮੂਲੀਅਤ ਕਰਦੇ ਕੈਨੇਡਾ ਵਿਚ ਕੱਚੇ ਤੇ ਪੱਕੇ ਤੌਰ ’ਤੇ ਵਸਦੇ ਹਰ ਪਰਵਾਸੀ ਦੇ ਮੂੰਹੋਂ ਇਹ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਹੁਣ ਇਹ ਕੈਨੇਡਾ ਪਹਿਲਾਂ ਵਰਗਾ ਨਹੀਂ ਰਿਹਾ। ਅਸੀਂ ਜੋ ਕੁਝ ਕੈਨੇਡਾ ਬਾਰੇ ਸੁਣਿਆ ਸੀ, ਇਹ ਉਸ ਤਰ੍ਹਾਂ ਦਾ ਕੈਨੇਡਾ ਨਹੀਂ ਹੈ। ਅਸੀਂ ਤਾਂ ਇਸ ਮੁਲਕ ਵਿਚ ਆ ਕੇ ਫਸ ਹੀ ਗਏ ਹਾਂ। ਪਹਿਲਾਂ ਤੇ ਹੁਣ ਵਾਲੇ ਕੈਨੇਡਾ ਵਿਚ ਲੋਕਾਂ ਨੂੰ ਫਰਕ ਇਸ ਲਈ ਲੱਗ ਰਿਹਾ ਹੈ, ਕਿਉਂਕਿ ਅੱਜ ਤੋਂ 20-25 ਸਾਲ ਪਹਿਲਾਂ ਇਸ ਦੇਸ਼ ਵਿਚ ਰੁਜ਼ਗਾਰ ਅਸਾਨੀ ਨਾਲ ਮਿਲ ਜਾਂਦਾ ਸੀ, ਆਬਾਦੀ ਘੱਟ ਹੋਣ ਕਰਕੇ ਸਾਫ ਸਫਾਈ ਦੀ ਵਿਵਸਥਾ ਵਧੀਆ ਸੀ ਤੇ ਰਹਿਣ ਲਈ ਮਕਾਨਾਂ ਦੀ ਕੋਈ ਸਮੱਸਿਆ ਨਹੀਂ ਸੀ। ਮਹਿੰਗਾਈ ਬਹੁਤ ਘੱਟ ਸੀ ਤੇ ਸਿਹਤ ਸੇਵਾਵਾਂ ਬਹੁਤ ਚੰਗੀਆਂ ਸਨ। ਅਪਰਾਧ, ਹੇਰਾਫੇਰੀਆਂ, ਧੋਖਾਧੜੀਆਂ, ਚੋਰੀਆਂ, ਲੁੱਟਾਂ-ਖੋਹਾਂ, ਸੜਕ ਦੁਰਘਟਨਾਵਾਂ, ਮਾਰ-ਕੁੱਟ ਤੇ ਨਸ਼ਿਆਂ ਵਰਗੀਆਂ ਬੁਰਾਈਆਂ ਨਾ-ਮਾਤਰ ਹੀ ਸਨ। ਕੈਨੇਡਾ ਦੀਆਂ ਸਰਕਾਰਾਂ ਨੇ ਆਪਣੀ, ਆਰਥਿਕਤਾ ਨੂੰ ਮਜ਼ਬੂਤੀ ਦੇਣ ਲਈ ਦੂਜੇ ਦੇਸ਼ਾਂ ਤੋਂ ਪਰਵਾਸੀ ਲੋਕਾਂ ਨੂੰ ਬਿਨਾ ਬਹੁਤੀ ਵਿਚਾਰ ਕੀਤੇ ਧੜਾਧੜ ਬੁਲਾਉਣਾ ਸ਼ੁਰੂ ਕਰ ਦਿੱਤਾ।

ਸ਼ਾਇਦ ਸਰਕਾਰਾਂ ਨੇ ਪਰਵਾਸੀਆਂ ਨੂੰ ਬੁਲਾਉਣ ਤੋਂ ਪਹਿਲਾਂ ਸੋਚਿਆ ਹੀ ਨਾ ਹੋਵੇ ਕਿ ਇਸ ਨਾਲ ਦੇਸ਼ ਵਿਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵੀ ਖੜ੍ਹੀਆਂ ਹੋ ਜਾਣਗੀਆਂ, ਬਾਹਰੋਂ ਆਉਣ ਵਾਲੇ ਲੋਕਾਂ ਲਈ ਲੋੜੀਂਦੇ ਪ੍ਰਬੰਧ ਵੀ ਕਰਨੇ ਪੈਣੇ ਹਨ।

ਦੇਸ਼ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਪੁਲਿਸ, ਅਦਾਲਤਾਂ ਤੇ ਹੋਰ ਸੇਵਾਵਾਂ ਦੇ ਪ੍ਰਬੰਧ ਕਰਨੇ ਪੈਣੇ ਹਨ ਅਤੇ ਕਾਨੂੰਨਾਂ ’ਚ ਸੋਧ ਵੀ ਕਰਨੀ ਪਵੇਗੀ। ਕੈਨੇਡਾ ਵਿਚ ਇਸ ਸਮੇਂ 162 ਦੇਸ਼ਾਂ ਦੇ ਕਰੀਬ 5 ਕਰੋੜ ਲੋਕ ਰਹਿ ਰਹੇ ਹਨ, ਪਰਵਾਸੀਆਂ ’ਚ 25 ਫੀਸਦੀ ਭਾਰਤੀ ਤੇ 40 ਫੀਸਦੀ ਚੀਨੀ ਮੂਲ ਦੇ ਲੋਕ ਹਨ। ਇਹ ਦੇਸ਼ ਇਮਾਨਦਾਰੀ, ਵਿਸ਼ਵਾਸ, ਸ਼ਾਂਤੀ, ਇਨਸਾਨੀਅਤ, ਕਾਨੂੰਨ ਨੂੰ ਮੰਨਣ, ਨੈਤਿਕ ਕਦਰਾਂ ਦਾ ਹਾਮੀ ਦੇ ਕੁਦਰਤ ਦੇ ਨਿਯਮਾਂ ਦਾ ਪੁਜਾਰੀ ਹੈ। ਪਰ ਦੇਸ਼ ਦੀਆਂ ਸਰਕਾਰਾਂ ਨੇ ਉਨ੍ਹਾਂ ਦੇਸ਼ਾਂ ਦੇ ਬਹੁਗਿਣਤੀ ਲੋਕ ਇੱਥੇ ਬੁਲਾ ਲਏ, ਜਿਨ੍ਹਾਂ ਦੇਸ਼ਾਂ ’ਚ ਕਾਨੂੰਨ ਨੂੰ ਬਹੁਤ ਮਹੱਤਵ ਨਹੀਂ ਦਿੱਤਾ ਜਾਂਦਾ। ਉਨ੍ਹਾਂ ਦੇਸ਼ਾਂ ’ਚ ਨੈਤਿਕ ਕਦਰਾਂ-ਕੀਮਤਾਂ ਨੂੰ ਬਹੁਤ ਘੱਟ ਤਰਜੀਹ ਦਿੱਤੀ ਜਾਂਦੀ ਹੈ। ਉਥੇ ਚੋਰੀਆਂ, ਲੁੱਟਾਂ-ਖੋਹਾਂ, ਡਕੈਤੀਆਂ, ਟੈਕਸ ਚੋਰੀਆਂ, ਧੋਖਾਧੜੀ ਤੇ ਨਸ਼ਿਆਂ ਦੀ ਭਰਮਾਰ ਹੈ। ਉਨ੍ਹਾਂ ਦੇਸ਼ਾਂ ਦੇ ਲੋਕਾਂ ਨੇ ਕੈਨੇਡਾ ਆ ਕੇ ਵੀ ਆਪਣੀਆਂ ਮਾੜੀਆਂ ਆਦਤਾਂ ਨਹੀਂ ਛੱਡੀਆਂ ਤੇ ਇਸ ਦੇਸ਼ ਦੇ ਹਾਲਾਤ ਵੀ ਵਿਗਾੜ ਦਿੱਤੇ ਹਨ। ਕੈਨੇਡਾ ਦੇ ਵਿਗੜ ਰਹੇ ਹਾਲਾਤ ਨੂੰ ਵੇਖ ਕੇ ਇੱਥੇ ਵਸ ਰਹੇ ਲੋਕ ਇਹ ਸੋਚ ਦੇ ਪ੍ਰੇਸ਼ਾਨ ਹਨ ਕਿ ਉਨ੍ਹਾਂ ਦਾ ਆਪਣੇ ਦੇਸ਼ ਵਿਚ ਭਵਿੱਖ ਕੀ ਹੋਵੇਗਾ, ਕਿਸੇ ਵੀ ਦੇਸ਼ ਦਾ ਸਾਰਾ ਦਾਰੋਮਦਾਰ ਖੁਸ਼ਹਾਲੀ, ਸ਼ਾਂਤੀ, ਕਾਨੂੰਨ ਵਿਵਸਥਾ, ਵਪਾਰ, ਆਰਥਿਕ ਮਜ਼ਬੂਤੀ ਤੇ ਉਸ ਦੇ ਰੁਜ਼ਗਾਰ ਸਾਧਨਾਂ ਨਾਲ ਜੁੜਿਆ ਹੁੰਦਾ ਹੈ।

ਕੈਨੇਡਾ ’ਚ ਸਭ ਤੋਂ ਵੱਧ ਤਣਾਅ ’ਚ ਦੂਜੇ ਦੇਸ਼ਾਂ ਤੋਂ ਆਏ ਵਿਦਿਆਰਥੀ ਹਨ, ਕਿਉਂਕਿ ਕੋਈ ਵੀ ਵਿਦਿਆਰਥੀ ਕੈਨੇਡਾ ਵਿਚ ਆਪਣਾ ਦੇਸ਼ ਛੱਡ ਕੇ ਅਤੇ ਆਪਣੇ ਮਾਪਿਆਂ ਦਾ 30-35 ਲੱਖ ਰੁਪਏ ਖਰਚ ਕਰਵਾ ਕੇ ਸਿਰਫ ਪੜ੍ਹਨ ਲਈ ਨਹੀਂ, ਸਗੋਂ ਰੁਜ਼ਗਾਰ ਹਾਸਲ ਕਰਨ ਦੀ ਉਮੀਦ ਨਾਲ ਆਉਂਦਾ ਹੈ। ਕੈਨੇਡਾ ਦੀਆਂ ਸਰਕਾਰਾਂ ਨੇ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਇੱਥੇ ਆਉਣ ਦਿੱਤਾ, ਪਰ ਉਨ੍ਹਾਂ ਦੀ ਗਿਣਤੀ ਮੁਤਾਬਿਕ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਅਤੇ ਭਵਿੱਖ ਵਿਚ ਵੀ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੇ ਆਸਾਰ ਵਿਖਾਈ ਨਹੀਂ ਦੇ ਰਹੇ। ਉਹ ਇਕ ਪਾਸੇ ਮਾਪਿਆਂ ਦੇ ਸਿਰ ਬੈਂਕਾਂ ਦੇ ਕਰਜ਼ੇ, ਕਾਲਜਾਂ ਦੀਆਂ ਫੀਸਾਂ, ਮਕਾਨਾਂ ਦੇ ਕਿਰਾਏ ਤੇ ਹੋਰ ਖਰਚਿਆਂ ਤੋਂ ਪ੍ਰੇਸ਼ਾਨ ਹਨ ਤੇ ਦੂਜੇ ਪਾਸੇ ਉਨ੍ਹਾਂ ਨੂੰ ਰੁਜ਼ਗਾਰ ਮਿਲਣ ਦੀ ਕੋਈ ਸੰਭਾਵਨਾ ਵਿਖਾਈ ਨਹੀਂ ਦੇ ਰਹੀ।ਕੈਨੇਡਾ ਦੀ ਸਰਕਾਰ ਵਲੋਂ ਵਿਦਿਆਰਥੀਆਂ ਦੇ ਵਰਕ ਪਰਮਿਟ ਬੰਦ ਕਰਕੇ ਉਨ੍ਹਾਂ ਨੂੰ ਆਪਣੇ ਦੇਸ਼ ’ਚੋਂ ਵਾਪਸ ਭੇਜਣ ਦੇ ਨਿੱਤ ਨਵੇਂ ਫੈਸਲੇ ਲਏ ਜਾ ਰਹੇ ਹਨ। ਅਜਿਹੇ ਹਾਲਾਤ ਵਿਚ ਉਨ੍ਹਾਂ ਦਾ ਆਪਣੇ ਘਰਾਂ ਨੂੰ ਵਾਪਸ ਮੁੜਨ ਤੇ ਇੱਥੇ ਵਸਣਾ ਕਠਿਨ ਹੋ ਗਿਆ ਹੈ, ਜੋ ਉਨ੍ਹਾਂ ਦੇ ਦਿਮਾਗੀ ਤਣਾਅ ਨੂੰ ਵਧਾ ਰਿਹਾ ਹੈ। ਵਿਦਿਆਰਥੀ ਨਸ਼ਿਆਂ, ਖੁਦਕੁਸ਼ੀਆਂ ਤੇ ਹਾਰਟ-ਅਟੈਕ ਦੇ ਸ਼ਿਕਾਰ ਹੋ ਰਹੇ ਹਨ।

ਇੱਥੇ ਨਵੇਂ ਆਏ ਮੁੰਡੇ ਕੁੜੀਆਂ ਨੂੰ ਤਾਂ ਨੌਕਰੀਆਂ ਕੀ ਮਿਲਣੀਆਂ, ਨੌਕਰੀਆਂ ਕਰਨ ਵਾਲਿਆਂ ਦੀਆਂ ਨੌਕਰੀਆਂ ਵੀ ਖ਼ਤਰੇ ਵਿਚ ਹਨ, ਕਿਉਂਕਿ ਕੰਪਨੀਆਂ ਆਰਥਿਕ ਸੰਕਟ ਦੀ ਆੜ ਵਿਚ 3-4 ਲੋਕਾਂ ਦਾ ਕੰਮ ਇਕ ਵਿਅਕਤੀ ਤੋਂ ਲੈਣ ਲਈ ਆਨੇ ਬਹਾਨੇ ਆਪਣੇ ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਕੱਢ ਰਹੀਆਂ ਹਨ। ਜਿਨ੍ਹਾਂ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ ਜਾਂ ਨੌਕਰੀ ਜਾਣ ਦਾ ਖਤਰਾ ਹੈ, ਉਨ੍ਹਾਂ ਦਾ ਦਿਮਾਗੀ ਤਣਾਅ ਇਹ ਸੋਚ ਕੇ ਵਧ ਰਿਹਾ ਹੈ ਕਿ ਮਕਾਨਾਂ, ਗੱਡੀਆਂ ਤੇ ਹੋਰ ਸਮਾਨ ਲਈ ਲਏ ਕਰਜ਼ਿਆਂ ਦੀਆਂ ਕਿਸ਼ਤਾਂ ਕਿਵੇਂ ਦੇਵਾਂਗੇ ? ਬੱਚਿਆਂ ਦੀਆਂ ਫੀਸਾਂ ਕਿੱਥੋਂ ਦਿਆਂਗੇ ਤੇ ਘਰ ਦੇ ਖਰਚੇ ਕਿਵੇਂ ਚੱਲਣਗੇ ? ਹੁਣ ਉਹ ਆਪਣੇ ਮੁਲਕ ਵਾਪਸ ਜਾਣ ਜੋਗੇ ਵੀ ਨਹੀਂ ਰਹੇ ਤੇ ਇੱਥੇ ਵਸਣਾ ਵੀ ਸੌਖਾ ਨਈਂ ਰਿਹਾ। ਆਪਣੇ ਦੇਸ਼ ਨੂੰ ਛੱਡ ਕੇ ਲੰਬੇ ਸਮੇਂ ਤੋਂ ਇੱਥੇ ਆਪਣੇ ਬੱਚਿਆਂ ਸਮੇਤ ਰਹਿ ਰਹੇ ਲੋਕਾਂ ਦਾ ਦਿਮਾਗੀ ਤਣਾਅ ਵਧਣ ਦੀ ਵਜ੍ਹਾ ਉਨ੍ਹਾਂ ਨੂੰ ਹੁਣ ਕੈਨੇਡਾ ’ਚ ਆਪਣਾ ਤੇ ਬੱਚਿਆਂ ਦਾ ਭਵਿੱਖ ਖਤਰੇ ਵਿਚ ਨਜ਼ਰ ਆ ਰਿਹਾ ਹੈ। ਭਾਵੇਂ ਸਰਕਾਰ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਤੇ ਹੋਰ ਲੋਕਾਂ ਨੂੰ ਬੁਲਾਉਣ ਦੀ ਗਿਣਤੀ ਘਟਾ ਰਹੀ ਹੈ। ਇੱਥੇ ਪੜ੍ਹਨ ਆਏ ਵਿਦਿਆਰਥੀਆਂ (ਮੁੰਡੇ-ਕੁੜੀਆਂ) ਨੂੰ ਵਾਪਸ ਭੇਜਣ ਲਈ ਨਵੇਂ ਫੈਸਲੇ ਲੈ ਰਹੀ ਹੈ। ਕਈ ਲੋਕ ਕੈਨੇਡਾ ਤੇ ਮਾੜੇ ਹਾਲਾਤ ਕਾਰਨ ਆਪਣੇ ਆਪ ਦੇਸ਼ ਛੱਡ ਕੇ ਜਾ ਰਹੇ ਹਨ। ਜਿਸ ਕਾਰਨ ਇੱਥੇ ਰੀਅਲ ਇਸਟੇਟ ਦਾ ਕੰਮ ਕਰਨ ਵਾਲੇ ਕਾਰੋਬਾਰੀ ਤੇ ਕੰਪਨੀਆਂ ਦੇ ਮਾਲਕ ਵੀ ਤਣਾਅ ਵਿਚ ਹਨ। ਸਿੱਖਿਆ ਤੇ ਸਿਹਤ ਸਹੂਲਤਾਂ ਦੀ ਮਾੜੀ ਵਿਵਸਥਾ ਕਾਰਨ ਲੋਕਾਂ ਦਾ ਦਿਮਾਗੀ ਤਣਾਅ ਵਧਦਾ ਜਾ ਰਿਹਾ ਹੈ।

ਕੈਨੇਡਾ ਵਿਚ ਮਹਿੰਗਾਈ, ਬੇਰੁਜਗਾਰੀ, ਸਰਕਾਰ ਵਲੋਂ ਟੈਕਸਾਂ ਦਾ ਬੋਝ ਵਧਾਉਣ, ਤਨਖਾਹਾਂ ਵਿਚ ਵਾਧਾ ਨਾ ਹੋਣਾ, ਆਰਥਿਕ ਮੰਦਹਾਲੀ, ਪਰਿਵਾਰਕ ਗੁਜ਼ਾਰੇ ਲਈ ਪਤੀ-ਪਤਨੀ ਦੋਹਾਂ ਨੂੰ ਨੌਕਰੀ ਨਾ ਮਿਲਣਾ, ਮਕਾਨਾਂ ਦੇ ਕਿਰਾਏ ਵਧਣਾ, ਬੱਚਿਆਂ ਦੇ ਪਾਲਣ ਪੋਸ਼ਣ, ਬੇਸਮੈਂਟਾਂ ਦੀ ਮਾੜੀ ਜ਼ਿੰਦਗੀ, ਬੱਚਿਆਂ ਤੇ ਬਜ਼ੁਰਗਾਂ ਵਿਚ ਟਕਰਾਅ, ਬਜ਼ੁਰਗਾਂ ਦੀਆਂ ਬਿਮਾਰੀਆਂ, ਵੱਡੀ ਉਮਰ ਦੇ ਹੋਣ ’ਤੇ ਵੀ ਮੁੰਡੇ ਕੁੜੀਆਂ ਦੇ ਵਿਆਹ ਨਾ ਹੋਣਾ, ਪਤੀ-ਪਤਨੀ ਦੇ ਝਗੜੇ ਤੇ ਤਲਾਕ ਲੋਕਾਂ ਤੇ ਤਣਾਅ ਵਿਚ ਵਾਧਾ ਕਰ ਰਹੇ ਹਨ।

ਕੈਨੇਡਾ ਦੀ ਸਰਕਾਰ ਨੂੰ ਦੂਜੇ ਦੇਸ਼ਾਂ ਤੋਂ ਆ ਕੇ ਇੱਥੇ ਵਸੇ ਪਰਵਾਸੀਆਂ ਪ੍ਰਤੀ ਆਪਣੀ ਨੀਅਤ ਤੇ ਨੀਤੀ ਸਾਫ ਰੱਖਣੀ ਹੋਵੇਗੀ, ਕਿਉਂਕਿ ਇਸ ਮੁਲਕ ਦੀ ਆਰਥਿਕਤਾ ਵਿਚ ਇਨ੍ਹਾਂ ਪਰਵਾਸੀਆਂ ਦਾ ਵੀ ਵੱਡਾ ਯੋਗਦਾਨ ਹੈ।

ਦੂਜੇ ਦੇਸ਼ਾਂ ਤੋਂ ਲੋਕ ਤਾਂ ਹੀ ਇੱਥੇ ਆਉਣਗੇ, ਜੇਕਰ ਇੱਥੇ ਰੁਜ਼ਗਾਰ ਦੇ ਮੌਕੇ ਹੋਣਗੇ। ਅਮਨ ਸ਼ਾਂਤੀ ਦਾ ਮਾਹੌਲ ਹੋਣ ’ਤੇ ਲੋਕ ਸੁਰੱਖਿਅਤ ਮਹਿਸੂਸ ਕਰਨਗੇ ਅਤੇ ਵਿਦਿਆਰਥੀਆਂ, ਮੁਲਾਜ਼ਮਾਂ, ਕਾਰੋਬਾਰੀਆਂ ਤੇ ਕੰਪਨੀਆਂ ਨੂੰ ਆਪਣਾ ਭਵਿੱਖ ਉਜਵਲ ਵਿਖਾਈ ਦੇਵੇਗਾ। ਇਸ ਸਬੰਧੀ ਸਰਕਾਰ ਨੂੰ ਕਈ ਪੱਖਾਂ ਤੋਂ ਸੁਚੱਜੀ ਯੋਜਨਾਬੰਦੀ ਕਰਨੀ ਪਵੇਗੀ।


Suraj Gupta CPA Professional Corp.



SURAJ GUPTA
CPA, CGA
CHARTERED PROFESSIONAL ACCOUNTANT

SERVICES PROVIDED:

General Accounting & Bookkeeping
Business Plans & Cash Flow Statements
HST, WSIB, EHT & Payroll Tax Returns
Compilation of Financial Statements
Business & Personal Tax Returns

WWW.SURAJGUPTA.CA SURAJ@SURAJGUPTA.CA

TEL: 905-677-1334

2355 Derry Road East, Suite 33(2nd Floor)
Mississauga, Ontario, L5S 1V6 (Derry/Torbram)

# 'ਕਨਾਟਾ' ਤੋਂ 'ਕੈਨੇਡਾ' ਤੱਕ ਦਾ ਸਫਰ






ਪਹਿਲੀ ਜੁਲਾਈ ਦਾ ਦਿਹਾੜਾ ਹਰ ਸਾਲ ਕੈਨੇਡਾ ਦੇ ਸਥਾਪਨਾ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। 1 ਜੁਲਾਈ 1867 ਈਸਵੀ ਨੂੰ ਕਾਨਫੈਡਰੇਸ਼ਨ ਰਾਹੀਂ ਕੈਨੇਡੀਅਨ ਪ੍ਰੋਵਿੰਸ ਇਕੱਠੇ ਹੋ ਕੇ, ਸੰਯੁਕਤ ਕੈਨੇਡਾ ਦੇ ਰੂਪ 'ਚ ਉੱਭਰੇ ਸਨ, ਜਿਸ ਵਿੱਚ ਮਗਰੋਂ ਹੋਰ ਪ੍ਰੋਵਿੰਸ ਵੀ ਜੁੜਦੇ ਗਏ, ਜਿਸ ਦੇ ਆਧਾਰ 'ਤੇ ਇਸ ਦਿਹਾੜੇ ਨੂੰ 'ਕੈਨੇਡਾ ਡੇਅ' ਵਜੋਂ ਮਨਾਏ ਜਾਣ ਦੀ ਪਿਰਤ ਪਈ। 'ਕੈਨੇਡਾ' ਸ਼ਬਦ ਮੂਲਵਾਸੀ ਅਰੋਕਵੀਨ ਭਾਈਚਾਰੇ ਦੇ ਲੋਕਾਂ ਦੀ ਬੋਲੀ ਤੋਂ ਆਇਆ ਹੈ, ਅਸਲ ਸ਼ਬਦ 'ਕਨਾਟਾ' ਹੈ, ਜਿਸ ਦਾ ਅਰਥ ਹੈ 'ਪਿੰਡ'। ਕਹਿਣ ਨੂੰ ਚਾਹੇ ਕੈਨੇਡਾ ਨੂੰ 'ਪਰਵਾਸੀਆਂ ਦੀ ਧਰਤੀ' ਕਹਿ ਕੇ ਪ੍ਰਚਾਰਿਆ ਜਾਂਦਾ ਹੈ, ਪਰ ਅਸਲ ਵਿੱਚ ਇਹ ਇੰਡਿਜਿਨਸ ਭਾਈਚਾਰਿਆਂ ਦੀ ਧਰਤੀ ਹੈ, ਜੋ ਕਿ ਇੱਥੋਂ ਦੇ ਮੂਲ ਵਸਨੀਕ ਹਨ। ਜਦੋਂ ਤੋਂ ਯੂਰਪੀਅਨ ਕੌਮਾਂ ਨੇ ਚਰਚ ਦੇ ਆਦੇਸ਼ 'ਤੇ ਕੈਨੇਡਾ ਆ ਕੇ ਇਨ੍ਹਾਂ ਮੂਲਵਾਸੀ ਲੋਕਾਂ 'ਤੇ ਜਬਰ ਢਾਹੁਣੇ ਸ਼ੁਰੂ ਕੀਤੇ, ਉਦੋਂ ਤੋਂ ਕੈਨੇਡੀਅਨ ਇਤਿਹਾਸ ਇੱਥੋਂ ਦੀਆਂ ਮੂਲ ਕੌਮਾਂ ਦੀ ਬੋਲੀ ਅਤੇ ਸੱਭਿਆਚਾਰ ਦੀ ਨਸਲਕੁਸ਼ੀ ਦਾ ਇਤਿਹਾਸ ਬਣ ਗਿਆ।

'ਧਰਤ ਕਨੇਡਾ ਦਾ ਪੜ੍ਹੋ, ਦੁਖਦਾਈ ਇਤਿਹਾਸ
ਹਮਲਾਵਰ ਮਾਲਕ ਬਣੇ, ਮਾਲਕ ਬਣ ਗਏ ਦਾਸ'

ਚਾਹੇ ਇਹ ਨਸਲਵਾਦ ਇੱਕ ਤੋਂ ਦੋ ਸਦੀਆਂ ਪਹਿਲਾਂ ਦੇ ਇਤਿਹਾਸ ਦਾ ਕਾਲਾ ਵਰਕਾ ਹੈ, ਪਰ ਅੱਜ ਵੀ ਇਸਦਾ ਕਲੰਕ ਕੈਨੇਡਾ ਨੂੰ ਸ਼ਰਮਸ਼ਾਰ ਕਰ ਰਿਹਾ ਹੈ। ਇਹ ਵੀ ਸੱਚ ਹੈ ਕਈ 'ਅਖੌਤੀ ਲੋਕਰਾਜੀ' ਦੇਸ਼ਾਂ 'ਚ ਮੌਜੂਦਾ ਸਮੇਂ ਇਹੋ-ਜਿਹੇ ਜ਼ੁਲਮ ਜਾਰੀ ਹਨ, ਪਰ ਫਾਸ਼ੀਵਾਦੀ ਸਰਕਾਰਾਂ ਸ਼ਰਮਸਾਰ ਹੋਣ ਦੀ ਥਾਂ ਦਿਨੋਂ-ਦਿਨ ਲੋਕਾਂ 'ਤੇ ਤਸ਼ੱਦਦ ਵਧਾ ਰਹੀਆਂ ਹਨ। ਕੈਨੇਡਾ ਦੇ ਇਤਿਹਾਸ ਦੇ ਕਾਲੇ ਅਧਿਆਇ ਬਾਰੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 22 ਸਤੰਬਰ 2017 ਨੂੰ ਸੰਯੁਕਤ ਰਾਸ਼ਟਰ ਵਿੱਚ ਬੋਲਦਿਆਂ ਕਿਹਾ ਸੀ ਕਿ ਕੈਨੇਡਾ ਅਜੂਬਿਆਂ ਦੀ ਧਰਤੀ ਨਹੀਂ, ਬਲਕਿ 12 ਲੱਖ ਮੂਲਵਾਸੀਆਂ ਸਬੰਧੀ ਨਾਕਾਮੀਆਂ, ਅਪਮਾਨ ਅਤੇ ਬਦਸਲੂਕੀ ਦੇ ਇਤਿਹਾਸ ਤੋਂ ਪ੍ਰਭਾਵਤ ਹੈ, ਜਿਸ ਨੂੰ ਕੌਮਾਂਤਰੀ ਭਾਈਚਾਰਾ ਮਨੁੱਖੀ ਅਧਿਕਾਰਾਂ ਦੇ ਮਾਪਦੰਡਾਂ ਅਨੁਸਾਰ ਸੁਧਾਰਨ ਦੀ ਆਸ ਕਰਦਾ ਹੈ। ਕੈਨੇਡਾ ਦਿਹਾੜਾ ਅਜਿਹੀਆਂ ਗ਼ਲਤੀਆਂ ਦੇ ਪਛਤਾਵੇ ਦਾ ਢੁਕਵਾਂ ਦਿਹਾੜਾ ਹੈ।


ਡਾ. ਗੁਰਵਿੰਦਰ ਸਿੰਘ
001-604-825-1550

ਦਰਅਸਲ 17ਵੀਂ ਸਦੀ ਵਿੱਚ ਕੈਨੇਡਾ 'ਚ ਫਰਾਂਸ ਬਸਤੀਵਾਦ ਦੇ ਨਾਲ ਹੀ ਮੂਲਵਾਸੀ ਲੋਕਾਂ ਦਾ ਤਬਾਹੀ ਦਾ ਮੁੱਢ ਬੰਨ੍ਹਿਆ ਜਾ ਚੁੱਕਿਆ ਸੀ। ਇੰਗਲੈਂਡ ਚਰਚ, ਰੋਮਨ ਕੈਥੋਲਿਕ ਅਤੇ ਯੂਨਾਈਟਿਡ ਚਰਚ ਸਮੇਤ ਕਈ ਬਸਤੀਵਾਦੀ ਤੇ ਨਸਲਵਾਦੀ ਤਾਕਤਾਂ ਨੇ ਕੈਨੇਡਾ ਦੇ ਨੇਟਿਵ ਲੋਕਾਂ ਨੂੰ ਨਿਸ਼ਾਨਾ ਬਣਾਇਆ।18 ਵੀਂ ਅਤੇ 19ਵੀਂ ਸਦੀ ਦੇ ਦੌਰ 'ਚ ਇਨ੍ਹਾਂ ਈਸਾਈ ਚਰਚਾਂ ਨੇ ਮੂਲਵਾਸੀਆਂ ਦੀ ਵਿਰਾਸਤ , ਬੋਲੀ ਤੇ ਪਛਾਣ ਖਤਮ ਕਰਨ ਲਈ ਰੈਜ਼ੀਡੈਂਸ਼ੀਅਲ ਅਤੇ ਬੋਰਡਿੰਗ ਸਕੂਲਾਂ ਦਾ ਪੱਤਾ ਖੇਡਿਆ, ਜਿਥੇ ਕਿ ਮੂਲਵਾਸੀਆਂ ਦੇ ਬੱਚਿਆਂ ਨੂੰ ਗ਼ੁਲਾਮ ਬਣਾ ਕੇ ਉਨ੍ਹਾਂ ਦਾ ਹਰ ਪੱਖੋਂ ਸ਼ੋਸ਼ਣ ਕੀਤਾ ਜਾਂਦਾ ਸੀ। ਓਨਟਾਰੀਓ 'ਚ ਫਰੈਂਟਫੋਰਡ ਦੇ ਸਿਕਸ ਨੇਸ਼ਨ ਆਫ਼ ਗੋਲਡਨ ਰਿਵਰ ਦੇ ਮੂਲਵਾਸੀਆਂ ਨੂੰ 1834 ਵਿੱਚ ਮੋਹਾਵਕ ਇਨਸਟੀਟਿਊਟ ਆਫ਼ ਰੈਜ਼ੀਡੈਂਸ਼ੀਅਲ ਸਕੂਲ ਰਾਹੀਂ , ਬੜੇ ਸ਼ਾਤੁਰਾਨਾ ਢੰਗ ਨਾਲ ਕਾਬੂ ਕੀਤਾ ਗਿਆ ਸੀ। ਤਰਕ ਇਹ ਦਿੱਤਾ ਗਿਆ ਕਿ 'ਪਿਛੜੇ ਲੋਕਾਂ ਦੇ ਬੱਚਿਆਂ ਨੂੰ ਸਭਿਅਕ' ਬਣਾਉਣ ਲਈ ਇਹ ਸਕੂਲ ਖੋਲੇ ਗਏ ਹਨ, ਪਰ ਅਸਲ ਵਿੱਚ ਮੂਲਵਾਸੀਆਂ ਦੀ ਬੋਲੀ ਤੇ ਸਭਿਆਚਾਰ ਦਾ 'ਬੀ ਨਾਸ਼' ਕਰਨ ਦੀ ਇਹ ਨਸਲਵਾਦੀ ਸਾਜ਼ਿਸ਼ ਸੀ। ਅਠਾਰਵੀਂ ਸਦੀ ਤੋਂ ਲੈ ਕੇ ਵੀਹਵੀਂ ਸਦੀ ਤੱਕ ਇਹ ਸਿਲਸਿਲਾ ਚਲਦਾ ਰਿਹਾ। ਇਨ੍ਹਾਂ ਰੈਜ਼ੀਡੈਂਸ਼ੀਅਲ ਅਤੇ ਬੋਰਡਿੰਗ ਸਕੂਲਾਂ ਵਿੱਚ ਬੱਚਿਆਂ ਦੇ ਲਿੰਗਕ ਸ਼ੋਸ਼ਣ ਤੋਂ ਲੈ ਕੇ ਹੱਤਿਆਵਾਂ ਤੱਕ ਦੀਆਂ ਜਾਬਰਾਨਾਂ ਘਟਨਾਵਾਂ ਦੇ ਵੇਰਵੇ ਮਿਲਦੇ ਹਨ। ਇਕ ਖੋਜ ਅਨੁਸਾਰ ਰੋਮਨ ਕੈਥੋਲਿਕ ਚਰਚ ਵੱਲੋਂ 44, ਇੰਗਲੈਂਡ ਚਰਚ ਵੱਲੋਂ 21, ਯੂਨਾਈਟਿਡ ਚਰਚ ਵੱਲੋਂ 13 ਅਤੇ ਕਈ ਹੋਰਨਾਂ ਵੱਲੋਂ ਵੀ ਅਜਿਹੇ ਕਰੀਬ 139 ਸਕੂਲ ਖੋਲੇ ਗਏ ਸਨ, ਜੋ ਕਿ 20ਵੀਂ ਸਦੀ ਤੱਕ ਚਲਦੇ ਰਹੇ। ਮੂਲਵਾਸੀ ਲੋਕਾਂ ਦੇ ਡੇਢ ਲੱਖ ਬੱਚਿਆਂ ਨੂੰ ਇਨ੍ਹਾਂ 'ਚ ਬੰਦ ਰੱਖਿਆ ਗਿਆ, ਜਿਨ੍ਹਾਂ 'ਚ 3200 ਤੋਂ ਲੈ ਕੇ 6000 ਤੋਂ ਵੱਧ ਮੌਤਾਂ ਜਾਂ ਹਤਿਆਵਾਂ ਹੋਈਆਂ।

ਚਾਹੇ ਕੈਨੇਡਾ ਦੇ ਮੂਲਵਾਸੀ ਲੰਮੇ ਸਮੇਂ ਤੋਂ ਇਹ ਆਖਦੇ ਆ ਰਹੇ ਹਨ ਕਿ ਉਨ੍ਹਾਂ ਦੇ ਹਜ਼ਾਰਾਂ ਬੱਚੇ ਰੈਜ਼ੀਡੈਂਸ਼ੀਅਲ ਸਕੂਲਾਂ ਦੀ ਧਰਤੀ 'ਚ ਦਫਨ ਕਰ ਦਿੱਤੇ ਗਏ ਸਨ, ਪਰ ਹਰ ਵਾਰ ਇਸ ਹਕੀਕਤ ਨੂੰ ਹਮੇਸ਼ਾ ਦਬਾਉਣ ਦੀ ਹੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਸੰਨ 2021 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਕੈਮਲੂਪਸ ਵਿੱਚ ਕੈਥਲਿਕ ਚਰਚ ਅਤੇ ਡੋਮੀਨੀਅਨ ਕੈਨੇਡਾ ਦੀ ਸਰਕਾਰ ਵੱਲੋਂ ਸਥਾਪਤ ਕੀਤੇ ਗਏ ਰੈਜ਼ੀਡੈਂਸ਼ੀਅਲ ਸਕੂਲ ਦੀ ਜਗ੍ਹਾ ਤੋਂ 215 ਬੱਚਿਆਂ ਦੀ ਸਰੀਰਕ ਅੰਗ ਮਿਲਣ ਨਾਲ ਇੰਡਿਜਨਸ ਭਾਈਚਾਰੇ ਅੰਦਰ ਗੁੱਸੇ ਦੀ ਲਹਿਰ ਫੈਲ ਗਈ ਸੀ। ਕਿਹਾ ਜਾਂਦਾ ਹੈ ਕਿ ਇਸ ਸਕੂਲ ਵਿੱਚ ਪੰਜ ਸੌ ਤੋਂ ਵੱਧ ਮੂਲਵਾਸੀ ਬੱਚੇ ਸਨ, ਜਿੱਥੇ ਉਨ੍ਹਾਂ ਨੂੰ ਆਪਣੇ ਵਿਰਸੇ, ਬੋਲੀ ਅਤੇ ਪਛਾਣ ਭੁਲਾ ਕੇ, ਜਬਰੀ ਇਸਾਈ ਬਣਾਇਆ ਜਾਂਦਾ ਸੀ ਅਤੇ ਇੰਗਲਿਸ਼ ਪੜ੍ਹਾਈ ਜਾਂਦੀ ਸੀ। ਇਸ ਸਕੂਲ 1890 ਤੋਂ 1969 ਤੱਕ ਚਲਦਾ ਰਿਹਾ, ਜਿਸ ਵਿਚ ਮੂਲਵਾਸੀ ਬੱਚਿਆਂ ਦੇ ਜਿਸਮਾਨੀ ਸੋਸ਼ਣ ਤੋਂ ਲੈ ਕੇ ਹੱਤਿਆਵਾਂ ਤੱਕ, ਹਰ ਤਰ੍ਹਾਂ ਦਾ ਘਿਨਾਉਣਾ ਅਪਰਾਧ ਹੋਇਆ। ਇਸ ਤੋਂ ਇਲਾਵਾ ਕੈਮਲੂਪਸ ਤੋਂ 215 ਬੱਚਿਆਂ ਦੇ ਸਰੀਰਕ ਅੰਗ ਅਤੇ ਪਿੰਜਰ ਮਿਲਣ 'ਤੇ ਪਛਤਾਵੇ ਵਜੋਂ ਕੈਨੇਡਾ ਦਾ ਝੰਡਾ ਨੀਵਾਂ ਕੀਤਾ ਗਿਆ।

ਕੈਨੇਡਾ ਵਸਦੇ ਸਿੱਖ ਭਾਈਚਾਰੇ ਨੇ 'ਸਿੱਖ ਰਾਈਡਰਜ਼' ਦੀ ਨਾਂ ਹੇਠ ਮੋਟਰਸਾਈਕਲਾਂ ਤੇ ਸਵਾਰ ਹੋ ਕੇ, ਕੈਮਲੂਪਸ ਪਹੁੰਚ ਕੇ ਇਨ੍ਹਾਂ ਪੀੜਤ ਲੋਕਾਂ ਨਾਲ ਹਮਦਰਦੀ ਜਿਤਾਈ, ਜਿਸ ਲਈ ਇੰਡੀਜੀਨੀਅਸ ਵੱਲੋਂ ਸਿੱਖਾਂ ਨੂੰ ਆਪਣੇ ਹਮਦਰਦ ਜਾਣਦਿਆਂ ਧੰਨਵਾਦ ਕੀਤਾ ਗਿਆ ਅਤੇ ਦੁੱਖ ਵਿੱਚ ਸ਼ਰੀਕ ਮੰਨਿਆ ਗਿਆ। ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਪ੍ਰਧਾਨ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਨੇ ਆਪਣੀ ਸੰਸਥਾ ਵੱਲੋਂ ਮੂਲ ਨਿਵਾਸੀਆਂ ਲਈ ਹਾਅ ਦਾ ਨਾਅਰਾ ਮਾਰਿਆ, ਜਿਸ ਕਰਕੇ ਉਹਨਾਂ ਨੂੰ ਮੂਲ ਨਿਵਾਸੀ ਭਾਈਚਾਰੇ ਵੱਲੋਂ ਸਨਮਾਨਿਤ ਕੀਤਾ ਗਿਆ। ਬੀਤੇ ਦਿਨੀਂ ਉਹਨਾਂ ਦਾ ਇੱਕ ਚਿਤਰ ਜਰਨੈਲ ਸਿੰਘ ਆਰਟਿਸਟ ਵੱਲੋਂ ਤਿਆਰ ਕੀਤਾ ਗਿਆ, ਜਿਸ ਵਿਚ ਮੂਲ ਭਾਈਚਾਰੇ ਤਰਫੋਂ ਜੈਨਫਰ ਸ਼ੈਰਿਫ ਵੱਲੋਂ ਵਿਸ਼ੇਸ਼ ਛੋਹਾਂ ਦਿੱਤੀਆਂ ਗਈਆਂ ਅਤੇ ਮੂਲ ਨਿਵਾਸੀ ਭਾਈਚਾਰੇ ਦਾ ਸੰਤਰੀ ਰੰਗ ਰੱਖਿਆ ਗਿਆ ਅਤੇ ਉਸ ਵਿੱਚ ਸ਼ਬਦ ਮੂਲ ਭਾਈਚਾਰੇ ਦੇ ਸ਼ਬਦ ਵੀ ਉਕਰੇ ਗਏ। ਹੋਰਨਾ ਸ਼ਹਿਰਾਂ ਵਿੱਚੋਂ ਕੈਨੇਡਾ ਦੇ ਸੂਬੇ ਸਸਕੈਚਵਨ ਵਿੱਚ ਰਿਜਾਈਨਾ ਸ਼ਹਿਰ ਦੇ ਨੇੜਿਓਂ ਇਕ ਹੋਰ ਰੈਜ਼ੀਡੈਂਸ਼ੀਅਲ ਸਕੂਲ ਦੀ ਜਗ੍ਹਾ ਤੋਂ 751 ਮੂਲਵਾਸੀ ਬੱਚਿਆਂ ਦੇ ਸਰੀਰਕ ਅੰਗ ਮਿਲਣ ਕਾਰਨ ਰੋਹ ਸਿਖਰ 'ਤੇ ਪਹੁੰਚਿਆ। ਪੜਤਾਲ ਅਨੁਸਾਰ ਇਨ੍ਹਾਂ ਮ੍ਰਿਤਕ ਬੱਚਿਆਂ ਦੀ ਘੱਟ ਤੋਂ ਘੱਟ ਉਮਰ, ਤਿੰਨ ਸਾਲ ਤੱਕ ਦੀ ਸੀ, ਜੋ ਕਿ ਹਿਰਦਾ ਵਲੂੰਧਰਨ ਵਾਲਾ ਸੱਚ ਸੀ। ਇਹ ਸਕੂਲ 1899 ਤੋਂ ਲੈ ਕੇ 1997 ਤਕ ਚੱਲਿਆ, ਜਿਸ ਦੇ ਜ਼ੁਲਮ ਦੀ ਦਾਸਤਾਨ ਬੜੀ ਲੰਮੀ ਹੈ।

ਬ੍ਰਿਟਿਸ਼ ਕੋਲੰਬੀਆ ਦੇ ਕਰਿੱਨਬਰੁਕ ਸ਼ਹਿਰ ਦੇ ਰੈਜ਼ੀਡੈਂਸ਼ੀਅਲ ਸਕੂਲ ਤੋਂ 182 ਬੱਚਿਆਂ ਦੇ ਅੰਗ ਮਿਲਣ ਨਾਲ ਮਾਤਮ ਹੋਰ ਵੀ ਡੂੰਘਾ ਹੋ ਗਿਆ।ਇਹ ਸ਼ਹਿਰ ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਦੀ ਸਰਹੱਦ 'ਤੇ ਕੈਲਗਰੀ ਤੋਂ ਥੋੜ੍ਹੀ ਦੂਰ ਤੇ ਪੈਂਦਾ ਹੈ, ਜਿੱਥੇ ਇਸ ਰੈਜ਼ੀਡੈਂਸ਼ੀਅਲ ਸਕੂਲ ਵਿਚ ਮੂਲ ਨਿਵਾਸੀ ਬਚਿਆ ਦਾ ਅੰਤਾਂ ਦਾ ਸ਼ੋਸ਼ਣ ਕੀਤਾ ਜਾਂਦਾ ਸੀ ਅਤੇ ਬੱਚਿਆਂ ਦੀਆਂ ਹੱਤਿਆਵਾਂ ਉੱਘੀਆਂ ਹਸਤੀਆਂ ਵੱਲੋਂ ਕੀਤੀਆਂ ਜਾਂਦੀਆਂ ਸਨ। ਅਜਿਹੇ ਹੋਰ ਅਨੇਕਾਂ ਰੈਜ਼ੀਡੈਂਸ਼ੀਅਲ ਸਕੂਲਾਂ ਦੀਆਂ ਕਬਰਾਂ ਪੁੱਟਣ ਨਾਲ ਹੋਰ ਤਲਖ ਹਕੀਕਤਾਂ ਸਾਹਮਣੇ ਆਉਣ ਦੇ ਆਸਾਰ ਹਨ। ਫੈਡਰੇਸ਼ਨ ਆਫ ਸੋਵੇਰੀਅਨ ਇੰਡਿਜਨਸ ਫਰਸਟ ਨੇਸ਼ਨਜ਼, ਕਾਓਐਸਿਸ ਫਸਟ ਨੇਸ਼ਨ ਅਤੇ ਹੋਰਨਾਂ ਵੱਲੋਂ ਮੂਲਵਾਸੀ ਭਾਈਚਾਰਿਆਂ ਨੇ ਨਿਸ਼ਚਾ ਕੀਤਾ ਹੈ ਕਿ ਜਦੋਂ ਤਕ ਉਹ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਥਾਵਾਂ 'ਤੇ ਸਮੂਹ ਕਬਰਾਂ ਪੁੱਟ ਕੇ ਬੱਚਿਆਂ ਦੀਆਂ ਸਾਰੀਆਂ ਲਾਸ਼ਾਂ ਨਹੀਂ ਕਢਵਾ ਲੈਂਦੇ, ਓਦੋਂ ਤੱਕ ਉਹ ਚੈਨ ਨਾਲ ਨਹੀਂ ਬੈਠਣਗੇ। ਮੂਲ ਨਿਵਾਸੀ ਭਾਈਚਾਰੇ ਦੇ ਨਸਲਵਾਦ ਵਿੱਚ ਸ਼ਾਮਿਲ ਰੌਇਲ ਕੈਨੇਡੀਅਨ ਮੌਂਟੇਡ ਪੁਲਿਸ ਵੱਲੋਂ ਸਕੂਲਾਂ 'ਚ ਭਰਤੀ ਕਰਨ ਲਈ ਮੂਲਵਾਸੀਆਂ ਦੇ ਬੱਚੇ ਜਬਰੀ ਚੁੱਕੇ ਜਾਂਦੇ ਸਨ। ਪੁਲਿਸ ਦੀਆਂ ਨਸਲਵਾਦੀ ਤੇ ਧੱਕੇਸ਼ਾਹੀ ਦੀਆਂ ਰੌਂਗਟੇ ਖੜੇ ਕਰਨ ਵਾਲੀ ਦਰਦਨਾਕ ਕਹਾਣੀਆਂ ਕੈਨੇਡਾ ਦੀ ਆਰ.ਸੀ. ਐਮ. ਪੀ. ਦਾ ਕਾਲਾ ਇਤਿਹਾਸ ਹਨ। ਇੱਕ ਹੋਰ ਜ਼ਿਕਰਯੋਗ ਗੱਲ ਹੈ ਕਿ ਆਰ ਸੀ ਐੱਮ ਪੀ ਦੇ ਮੂਲ ਵਾਸੀਆਂ 'ਤੇ ਤਸ਼ੱਦਦ



ਦੀ ਬ੍ਰਿਟਿਸ਼ ਕੋਲੰਬੀਆ ਚ ਵਾਪਰੀ 'ਗਸਟੈਫਸਨ ਲੇਕ' ਵਾਲੀ ਜ਼ਾਲਮਾਨਾ ਘਟਨਾ ਇਤਿਹਾਸ ਦੇ ਪੰਨਿਆਂ ਤੋਂ ਕਦੀ ਵੀ ਮਿਟ ਨਹੀਂ ਸਕੇਗੀ, ਜਿਸ ਵਿੱਚ ਕੈਨੇਡਾ ਦੇ ਮੂਲਵਾਸੀ ਭਾਈਚਾਰੇ ਦੇ ਲੋਕਾਂ ਉਪਰ ਹਜ਼ਾਰਾਂ ਗੋਲੀਆਂ ਚਲਾ ਕੇ ਉਨ੍ਹਾਂ ਦੀ ਜੱਦੀ-ਪੁਸ਼ਤੀ ਜ਼ਮੀਨ 'ਤੇ ਉਨ੍ਹਾਂ ਦੇ ਰਵਾਇਤੀ ਤਿਉਹਾਰ ਰੋਕਣ ਦੀ ਸਾਜ਼ਿ ਰਚੀ ਗਈ ਅਤੇ ਪੂੰਜੀਪਤੀਆਂ ਦਾ ਪੱਖ ਪੂਰਿਆ ਗਿਆ। ਬੀ.ਸੀ. ਦੇ ਤਤਕਾਲੀ ਅਟਾਰਨੀ ਜਨਰਲ ਉੱਜਲ ਦੁਸਾਂਝ ਦੀ ਅਗਵਾਈ ਵਿੱਚ ਹੋਇਆ ਇਹ 'ਆਰ ਸੀ ਐੱਮ ਪੀ ਦਾ ਪੁਲਿਸ ਅਪ੍ਰੇਸ਼ਨ' ਕੈਨੇਡਾ ਦੇ ਇਤਿਹਾਸ ਵਿੱਚ, ਕਿਸੇ ਛੋਟੇ ਜਿਹੇ ਮੂਲਵਾਸੀ ਸਮੂਹ 'ਤੇ ਹੋਈ, ਹੁਣ ਤੱਕ ਦੀ ਸਭ ਤੋਂ ਵੱਡੀ ਹਥਿਆਰਬੰਦ ਪੁਲਿਸ ਕਾਰਵਾਈ ਮੰਨੀ ਜਾਂਦੀ ਹੈ। ਵੈਨਕੂਵਰ ਦੇ ਉਤਰ ਪੂਰਬ ਵਾਲੇ ਪਾਸੇ 450 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਮੂਲਵਾਸੀ ਲੋਕਾਂ ਦੀ ਜਗ੍ਹਾ ਗਸਟੈਫਸਨ ਲੇਕ 'ਤੇ ਛੋਟੇ ਜਿਹੇ ਮੂਲਵਾਸੀ ਵਿਅਕਤੀਆਂ ਦੇ ਗਰੁੱਪ ਉੱਪਰ ਮੌਕੇ ਦੇ ਅਟਾਰਨੀ ਜਰਨਲ ਉਜੱਲ ਦੁਸਾਂਝ ਦੇ ਹੁਕਮ ਅਧੀਨ, 15 ਸਤੰਬਰ 1995 ਨੂੰ ਵੱਡੀ ਹਥਿਆਰਬੰਦ ਕਾਰਵਾਈ ਹੋਈ ਸੀ। ਦੁਸਾਂਝ ਨੇ ਖ਼ੁਦ ਮੰਨਿਆ ਕਿ ਛੋਟੇ ਜਿਹੇ 'ਮਿਲੀਟੈਂਟ ਗਰੁਪ' ਨੂੰ ਖਿਦੇਣਨ ਲਈ ਇਹ ਕਾਰਵਾਈ ਅਤਿ ਜ਼ਰੂਰੀ ਸੀ, ਪਰ ਮੂਲਵਾਸੀਆਂ 'ਤੇ ਏਡੀ ਵੱਡੀ ਫੌਜੀ ਤਾਕਤ ਨੂੰ ਵਰਤਣ ਦੀ ਕਾਰਵਾਈ ਦੀ ਕੈਨੇਡਾ ਭਰ ਦੀਆਂ ਸਮੂਹ ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਇੰਡੀਜੀਨੀਅਸ ਸੰਸਥਾਵਾਂ ਸਦਾ ਹੀ ਨਿੰਦਾ ਕਰਦੀਆਂ ਹਨ।

ਇਹ ਗੱਲ ਹੋਰ ਵੀ ਦੁਖਾਂਤਕ ਹੈ ਕਿ ਇੱਕ ਰੰਗਦਾਰ ਭਾਈਚਾਰੇ ਦੇ ਵਿਅਕਤੀ ਦੀ ਅਗਵਾਈ ਵਿੱਚ ਆਰਸੀਐਮਪੀ ਦੀ ਇਹ ਨਸਲਵਾਦੀ ਅਤੇ ਨਫਰਤ ਭਰੀ ਕਾਰਵਾਈ ਹੋਈ, ਜਿਸ ਦੀ ਅਜੇ ਤੱਕ ਉੱਜਲ ਦੁਸਾਂਝ ਨੇ ਮਾਫ਼ੀ ਮੰਗ ਕੇ ਕਲੰਕ ਨੂੰ ਮਿਟਾਉਣ ਦੀ ਕਦੇ ਵੀ ਕੋਸ਼ਿਸ਼ ਨਹੀਂ ਕੀਤੀ। ਕੈਨੇਡਾ ਵਿਚ ਮੂਲ ਵਾਸੀਆਂ ਪ੍ਰਤੀ ਨਸਲਵਾਦ ਦੀਆਂ ਹੋਰ ਵੀ ਅਨੇਕਾਂ ਘਟਨਾਵਾਂ ਹਨ, ਜਿਨ੍ਹਾਂ ਵਿੱਚ ਆਰਸੀਐਮਪੀ ਨੇ ਵਿਤਕਰੇ ਵਾਲੀ ਪਹੁੰਚ ਦੀ ਵਰਤੋਂ ਕੀਤੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੂਲਵਾਸੀਆਂ ਨਾਲ ਕੈਨੇਡਾ ਦੀ ਧਰਤੀ 'ਤੇ ਹੋਈ ਨਸਲਕੁਸ਼ੀ ਦਾ ਦੁਖਾਂਤ ਨਾ-ਭੁੱਲਣਯੋਗ ਅਤੇ ਨਾ-ਬਖ਼ਸ਼ਣਯੋਗ ਹੈ। ਅੱਜ ਦੀ ਤਾਰੀਖ਼ ਵਿੱਚ ਵੀ ਇਹ ਨਸਲਵਾਦ ਜਾਰੀ ਹੈ। ਅਸੀਂ ਭੁੱਲੀਏ ਨਾ ਕਿ ਸਾਡੇ ਵੱਡਿਆਂ- ਵਡੇਰਿਆਂ 'ਗ਼ਦਰੀ ਬਾਬਿਆਂ' ਨੇ ਕੈਨੇਡਾ ਦੀ ਧਰਤੀ 'ਤੇ ਮੂਲਵਾਸੀਆਂ ਨੂੰ 'ਵੱਡਿਆਂ' ਵਜੋਂ ਸਤਿਕਾਰ ਦਿੱਤਾ ਸੀ। ਅੱਜ ਸਾਡਾ ਫ਼ਰਜ਼ ਵੀ ਬਣਦਾ ਹੈ ਕਿ ਇਨ੍ਹਾਂ ਦੇ ਦੁੱਖ ਵੰਡਾਓਣ ਲਈ ਵਧ- ਚੜ੍ਹ ਕੇ ਅੱਗੇ ਆਈਏ। 'ਲਾਲ ਭਾਰਤੀ' (ਰੈੱਡ ਇੰਡੀਅਨ) ਵਰਗੇ ਅਪਮਾਨਜਨਕ ਸ਼ਬਦਾਂ ਨਾਲ ਸੰਬੋਧਨ ਕਰਨ ਵਾਲੀ ਨਸਲਵਾਦੀ ਅਤੇ ਜਾਤੀਵਾਦੀ ਵਿਤਕਰੇ ਵਾਲੀ ਸੋਚ ਤਿਆਗ ਕੇ, ਇੰਡਿਜਨਸ ਭਾਈਚਾਰੇ ਦਾ ਸਤਿਕਾਰ ਕਰੀਏ ਕਿਉਂਕਿ :

**'ਰੰਗ ਨਸਲ ਦਾ ਵਿਤਕਰਾ, ਮਾਨਵਵਾਦ ਖਿਲਾਫ਼**
**ਭਿੰਨ-ਭੇਦ ਦੇ ਲੱਛਣੀ, ਜੀਵਨ ਬਣੇ ਸਰਾਪ'**

ਪਹਿਲੀ ਜੁਲਾਈ, ਕੈਨੇਡਾ ਦਿਹਾੜੇ 'ਤੇ ਮੂਲ ਵਾਸੀ ਲੋਕਾਂ ਦਾ ਹਾਰਦਿਕ ਧੰਨਵਾਦ ਹੈ, ਜਿਨ੍ਹਾਂ ਦੀ ਧਰਤੀ 'ਤੇ ਅੱਜ ਦੁਨੀਆਂ ਭਰ ਦੇ ਲੋਕ ਬਹੁ-ਸੱਭਿਆਚਾਰਕ, ਬਹੁ- ਧਰਮੀ, ਬਹੁ-ਰੰਗੀ ਢਾਂਚੇ ਅਤੇ ਮਨੁੱਖੀ ਅਧਿਕਾਰਾਂ ਦਾ ਆਨੰਦ ਮਾਣ ਰਹੇ ਹਨ। ਕੈਨੇਡਾ ਦਿਹਾੜੇ 'ਤੇ ਕੈਨੇਡਾ ਵਸਦੇ ਪੰਜਾਬੀ ਭਾਈਚਾਰੇ ਦੇ ਇਤਿਹਾਸਕ ਸਫ਼ਰ ਬਾਰੇ ਸੰਖੇਪ ਰੂਪ ਵਿੱਚ ਵਿਚਾਰ ਕਰਨਾ ਲਾਹੇਵੰਦ ਹੋਏਗਾ। ਇਹ ਜਾਨਣਾ ਵੀ ਜ਼ਰੂਰੀ ਹੈ ਕਿਹੜੇ ਕਾਰਨਾਂ ਕਰਕੇ ਆਪਣੀ ਜੰਮਣ ਭੋਇੰ ਛੱਡ ਕੇ ਪੰਜਾਬੀ, ਕੈਨੇਡਾ ਆ ਵਸੇ। ਪੰਜਾਬ ਤੋਂ ਕੈਨੇਡਾ ਸਣੇ ਉੱਤਰੀ ਅਮਰੀਕਾ 'ਚ 'ਪੰਜਾਬੀ ਡਾਇਸਪੋਰਾ' ਦੀ ਵਿਸ਼ਾਲ ਪੱਧਰ ਤੇ ਪਛਾਣ 1897 ਤੋਂ ਬਾਅਦ ਬਣਨੀ ਸ਼ੁਰੂ ਹੁੰਦੀ ਹੈ, ਜਦੋਂ ਬ੍ਰਿਟਿਸ਼ ਫ਼ੌਜ ਦੇ ਸਾਬਕਾ ਸਿੱਖ ਸਿਪਾਹੀ ਪ੍ਰਸ਼ਾਂਤ ਮਹਾਂਸਾਗਰ ਦੇ ਕਿਨਾਰੇ 'ਤੇ ਵਸਦੀ ਖ਼ੂਬਸੂਰਤ ਧਰਤੀ ਨੂੰ ਆਪਣਾ ਟਿਕਾਣਾ ਬਣਾਉਂਦੇ ਹਨ। ਸਭਿਆਚਾਰਕ ਪਛਾਣ ਅਤੇ ਭਾਸ਼ਾ ਨੂੰ, ਹਰ ਥਾਂ ਨਾਲ ਲਿਜਾਉਣ ਵਾਲੇ ਸਿੱਖਾਂ ਦੇ ਕੈਨੇਡਾ ਅਤੇ ਅਮਰੀਕਾ 'ਚ ਪਹਿਲਾਂ ਵਸੇ ਬਜ਼ੁਰਗਾਂ ਨੂੰ, ਚਾਹੇ ਬੇਗਾਨੀ ਧਰਤੀ 'ਤੇ ਅਨੇਕਾਂ ਨਸਲੀ ਹਮਲਿਆਂ ਅਤੇ ਭਾਸ਼ਾਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਉਹ ਆਪਣੀ ਜ਼ੁਬਾਨ ਤੇ ਪਛਾਣ ਕਾਇਮ ਰੱਖਦੇ ਹਨ। ਅਸਲ ਵਿਚ ਗ਼ੁਲਾਮੀ ਦਾ ਅਹਿਸਾਸ ਇਨ੍ਹਾਂ ਲੋਕਾਂ ਨੂੰ ਉਸ ਵੇਲੇ ਹੁੰਦਾ ਹੈ, ਜਦੋਂ 30 ਕਰੋੜ ਆਬਾਦੀ ਵਾਲੇ ਦੇਸ਼ ਦੇ ਵਾਸੀਆਂ ਨੂੰ ਮੁੱਠੀ ਭਰ ਅੰਗਰੇਜ਼ਾਂ ਵੱਲੋਂ ਗ਼ੁਲਾਮ ਬਣਾਏ ਜਾਣ ਦੇ ਕਿੱਸੇ ਮਿਹਣੇ ਤੇ ਤਾਅਨੇ ਬਣ ਕੇ ਪੰਜਾਬੀਆਂ ਦੇ ਸੀਨੇ ਚੀਰਦੇ ਹਨ, ਤਦ ਉਨ੍ਹਾਂ ਦੇ ਵਲੂੰਧਰੇ ਮਨਾਂ 'ਚੋਂ ਇਹ ਬੋਲ ਵਾਰ-ਵਾਰ ਨਿਕਲਦੇ ਹਨ,

'ਦੇਸ ਪੈਣ ਧੱਕੇ, ਬਾਹਰ ਮਿਲੇ ਢੋਈ ਨਾ,
ਸਾਡਾ ਪਰਦੇਸੀਆਂ ਦਾ, ਦੇਸ ਕੋਈ ਨਾ'

ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੇ ਸੰਦਰਭ ਵਿਚ 20ਵੀਂ ਸਦੀ ਦੇ ਆਰੰਭ ਵਿਚ ਉੱਠੀ ਗ਼ਦਰ ਲਹਿਰ ਖਾਸ ਮਹੱਤਵ ਰੱਖਦੀ ਹੈ, ਕਿਉਂਕਿ ਇਹ ਪਹਿਲੀ ਅਜਿਹੀ ਤਹਿਰੀਕ ਸੀ, ਜਿਸ ਨੇ ਕੈਨੇਡਾ ਤੇ ਅਮਰੀਕਾ ਵਿਚ ਹੀ ਨਹੀਂ, ਬਲਕਿ ਦੁਨੀਆਂ ਭਰ ਵਿਚ ਖਿੰਡੇ ਪੰਜਾਬੀਆਂ ਨੂੰ ਜੱਥੇਬੰਦ ਕਰਨ 'ਚ ਇਤਿਹਾਸਕ ਭੂਮਿਕਾ ਨਿਭਾਈ। ਇਸ ਸਬੰਧ ਵਿਚ 1909 ਵਿਚ ਕੈਨੇਡਾ ਦੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਸਥਾਨ, ਤੇ ਸਾਬਕਾ ਸਿੱਖ ਫ਼ੌਜੀਆਂ ਨੇ ਇਕੱਠਿਆਂ ਹੋ ਕੇ ਅੰਗਰੇਜ਼ਾਂ ਵੱਲੋਂ ਦਿੱਤੇ ਮੈਡਲ, ਇਨਸਿਗਨੀਏ ਅਤੇ ਵਰਦੀਆਂ ਸਾੜਦਿਆਂ, ਇਕ ਵਾਰ ਫੇਰ ਗ਼ੁਲਾਮੀ ਦਾ ਜੂਲ ਗਲ਼ੋਂ ਲਾਹੁਣ ਲਈ ਐਲਾਨੇ-ਏ-ਜੰਗ ਕੀਤਾ। ਗੁਰੂ ਨਾਨਕ ਜਹਾਜ਼ ਨੂੰ ਕੈਨੇਡਾ ਦੀ ਧਰਤੀ ਤੋਂ ਮੋੜਨਾ ਨਸਲਵਾਦ ਦਾ ਇੱਕ ਨਸਲਵਾਦ ਦਾ ਇੱਕ ਭਿਆਨਕ ਵਰਤਾਰਾ ਸੀ। ਕੈਨੇਡਾ ਦੀ ਧਰਤੀ 'ਤੇ ਆਣ ਵਸੇ ਪੰਜਾਬੀ ਅਜ਼ਾਦੀ ਦੀ ਲਹਿਰ ਵਿਚ ਕੁੱਦਣ ਵਾਸਤੇ, ਕਰੜੀ ਮਿਹਨਤ ਸਦਕਾ ਕਾਇਮ ਕੀਤੀਆਂ ਆਪਣੀਆਂ ਜ਼ਮੀਨਾਂ ਜਾਇਦਾਦਾਂ ਅਤੇ ਡਾਲਰਾਂ ਨੂੰ ਤਿਆਗਦੇ ਹੋਏ, ਫ਼ਾਂਸੀਆਂ ਦੇ ਹਾਰ ਆਪਣੇ ਗਲਾਂ ਵਿਚ ਪਵਾ ਗਏ। ਜਿਹੜੇ ਇਹ ਆਖਦੇ ਹਨ ਕਿ ਪੰਜਾਬੀਆਂ ਦੇ ਵਿਦੇਸ਼ਾਂ ਵਿਚ ਵਸਣ ਲਈ ਰੋਜ਼ੀ-ਰੋਟੀ ਲਈ ਅਤੇ ਆਰਥਿਕਤਾ ਹੀ ਮੁੱਖ ਕਾਰਨ ਹਨ, ਉਹ ਇਹ ਵਿਸਾਰ ਦਿੰਦੇ ਹਨ ਕਿ ਪੰਜਾਬੀਆਂ ਦੇ ਘਰੋਂ ਬੇਘਰ ਹੋ ਕੇ ਮੁੜ ਬੇਗਾਨੀ ਧਰਤੀ ਤੋਂ ਉੱਜੜਨ ਅਤੇ ਦੇਸ਼ ਵਾਸੀਆਂ ਲਈ ਘਰ ਵਸਾਉਣ ਪਿੱਛੇ, ਧਨ ਦੌਲਤ ਨੂੰ ਤਿਆਗਣ ਅਤੇ ਸ਼ਹੀਦੀਆਂ ਪਾਉਣ ਦੀ ਮੂਲ ਭਾਵਨਾ ਹੀ ਕੰਮ ਕਰਦੀ ਹੈ।

ਕੈਨੇਡਾ ਵਿਚ ਭਾਰਤ ਦੀ ਵੰਡ ਤੋਂ ਬਾਅਦ ਉੱਤਰ-ਸੁਤੰਤਰਤਾ ਕਾਲ ਦੌਰਾਨ ਪੰਜਾਬ ਦੀ ਧਰਤੀ ਤੋਂ ਆ ਵਸੇ ਪੰਜਾਬੀਆਂ ਲਈ ਅਜਿਹੇ ਕਾਰਨ ਨਜ਼ਰ ਆਉਂਦੇ ਹਨ, ਜਿਨ੍ਹਾਂ ਵਿਚ ਦੇਸ਼ ਅੰਦਰ ਨਵੀਂ ਸਾਮਰਾਜਵਾਦ ਨੀਤੀ ਅਧੀਨ ਪੈਦਾ ਹੋਏ ਬੁਰਜ਼ੂਆ ਢਾਂਚੇ ਦੀ ਧੱਕੇਸ਼ਾਹੀ, ਗ਼ੁਲਾਮੀ ਦੇ ਬਦਲਵੇਂ ਰੂਪ ਵਿਚ ਭਾਰੂ ਹੋਈ ਮਿਲਦੀ ਹੈ। ਪੰਜਾਬ ਛੱਡ ਕੇ ਕੈਨੇਡਾ ਆ ਵਸੇ ਪੰਜਾਬੀਆਂ ਦੇ ਤੁਲਨਾਤਮਕ ਜੀਵਨ ਸੰਘਰਸ਼, ਸਰਕਾਰੀ ਜਬਰ ਅਤੇ ਧੱਕੇਸ਼ਾਹੀਆਂ ਬਾਰੇ ਗੰਭੀਰ ਪ੍ਰਗਟਾਵੇ ਕਰਦਿਆਂ ਲੋਕ ਗਾਇਕ ਗਿੱਲ ਹਰਦੀਪ ਦੀਆਂ ਗਾਈਆਂ ਤੇ ਗੀਤਕਾਰ ਸੁਖਵਿੰਦਰ ਸਿੱਧੂ ਦੀਆਂ ਲਿਖੀਆਂ ਇਹ ਸਤਰਾਂ 'ਕੁੱਜੇ ਵਿੱਚ ਸਮੁੰਦਰ' ਬੰਦ ਕਰਨ ਦੇ ਤੁਲ ਕਹੀਆਂ ਜਾ ਸਕਦੀਆਂ ਹਨ :

'ਵੇ ਪੁੱਤਾ ਕੰਮ ਕਰਨਾ ਤਾਂ ਉਂਝ ਔਖਾ ਈ ਹੋਣਾ ਏ
ਪਰ ਠਾਣਿਆਂ ਵਿੱਚ ਕੁੱਟ ਖਾਵਣ ਤੋਂ ਤਾਂ ਸੌਖਾ ਈ ਹੋਣਾ ਏ
ਔਖੇ ਝਲਣੇ ਪਟੇ ਘੋਟਣੇ ਮਾਸਪੇਸ਼ੀਆਂ ਲਈ
ਵਸਦਾ ਰਹੇ ਕੈਨੇਡਾ ਮੇਰੇ ਪੁੱਤ ਪਰਦੇਸੀਆਂ ਲਈ'

70ਵਿਆਂ ਤੋਂ ਪੰਜਾਬ ਦੀ ਧਰਤੀ ਤੋਂ ਕੈਨੇਡਾ ਵਸੇ ਪੰਜਾਬੀਆਂ ਲਈ ਇਸ ਖਿੱਤੇ ਦੀ ਚੋਣ ਆਰਜ਼ੀ ਰੂਪ ਵਿਚ ਨਹੀਂ ਹੁੰਦੀ, ਸਗੋਂ ਪੱਕੇ ਵਾਸੀਆ ਵਜੋਂ ਉਹ ਇੱਥੇ ਆ ਕੇ ਆਪਣਾ 'ਨਵਾਂ ਘਰ' ਵਸਾਉਂਦੇ ਹਨ। ਪੰਜਾਬੀ ਆਪਣੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਪਰਿਪੇਖ 'ਚ ਪਛਾਣ ਕਾਇਮ ਕਰਨ ਲਈ 1971 ਦੀ ਕੈਨੇਡਾ ਦੀ ਸਭਿਆਚਾਰਕ ਨੀਤੀ ਦਾ ਭਰਪੂਰ ਫਾਇਦਾ ਉਠਾਉਂਦੇ ਹੋਏ, ਨਵੇਂ ਸੰਘਰਸ਼ ਦੇ ਰਾਹ ਤੁਰਦੇ ਹਨ। ਪਿਛਲੇ ਸਵਾ ਸੌ ਸਾਲ ਵਿਚ ਕੈਨੇਡਾ ਵਸਦੇ ਪੰਜਾਬੀਆਂ ਨੇ ਵਪਾਰ, ਕਾਰੋਬਾਰ ਅਤੇ ਖੇਤੀ ਖੇਤਰ ਵਿਚ ਵੀ ਵੱਡੀਆਂ ਮੱਲਾਂ ਮਾਰੀਆਂ ਹਨ। ਅੱਜ ਜਿੱਥੇ ਟਰੱਕ ਅਤੇ ਟੈਕਸੀ ਸਨਅਤ ਵਿਚ ਪੰਜਾਬੀਆਂ ਦੀ ਚੜ੍ਹਤ ਹੈ, ਉੱਥੇ ਕੈਨੇਡਾ ਦੇ ਹਜ਼ਾਰਾਂ ਏਕੜਾਂ 'ਚ ਲੱਖਾਂ ਟਨ ਬਲਿਊਬੇਰੀ, ਰਸਬੇਰੀ ਅਤੇ ਸਟਰਾਬੇਰੀ ਸਮੇਤ ਅਨੇਕਾਂ ਫਸਲਾਂ ਉਗਾ ਕੇ ਕੈਨੇਡਾ ਦੀ ਆਰਥਿਕਤਾ ਨੂੰ ਹੁਲਾਰਾ ਦੇ ਰਹੇ ਹਨ।

ਅਹਿਮ ਗੱਲ ਇਹ ਹੈ ਕਿ ਕੈਨੇਡਾ ਵਿਚ ਪੰਜਾਬੀ ਡਾਇਸਪੋਰਾ ਦੀ ਦੇਣ ਮੂਲ ਪੰਜਾਬ ਲਈ ਵੀ ਜ਼ਿਕਰਯੋਗ ਹੈ, ਕਿਉਂਕਿ ਬਹੁਤਾਤ ਕੈਨੇਡੀਅਨ ਪੰਜਾਬੀ ਇੱਥੇ ਆ ਕੇ ਨਾ ਸਿਰਫ਼ ਘਰ, ਕੋਠੀਆਂ ਅਤੇ ਜ਼ਮੀਨ ਜਾਇਦਾਦਾਂ ਤੇ ਹੀ ਲੱਖਾਂ ਡਾਲਰ ਖਰਚਦੇ ਹਨ, ਬਲਕਿ ਸਕੂਲਾਂ, ਹਸਪਤਾਲਾਂ, ਸਟੇਡੀਅਮਾਂ, ਖੇਡ ਮੇਲਿਆਂ ਅਤੇ ਮੈਡੀਕਲ ਕੈਂਪਾਂ ਵਿਚ ਵੀ ਆਪਣਾ ਵਿੱਤੋਂ ਵੱਧ ਹਿੱਸਾ ਪਾਉਂਦੇ ਹਨ। ਇਹ ਗੱਲ ਵੱਖਰੀ ਹੈ ਕਿ ਕੁਝ ਲੋਕ ਅਜਿਹੇ ਵੀ ਹਨ, ਜਿਹੜੇ ਇੱਥੇ ਆ ਕੇ ਵਿਆਹਾਂ-ਸ਼ਾਦੀਆਂ ਅਤੇ ਹੋਰ ਜਸ਼ਨਾਂ ਵਿਚ ਸ਼ੋਹਰਤ ਦੀ ਭੁੱਖ ਕਰਕੇ, ਲੱਖਾਂ ਡਾਲਰ ਨਸ਼ਿਆਂ ਤੇ ਰੋੜ੍ਹ ਕੇ ਹੋਰਨਾਂ ਨੂੰ ਵੀ ਕਲੰਕਿਤ ਕਰਦੇ ਹਨ। ਅਖੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਕੈਨੇਡਾ ਦਿਹਾੜਾ ਮਨਾਉਂਦੇ ਹੋਏ ਇਹ ਨਾ ਭੁੱਲੀਏ ਕਿ ਇਸ ਧਰਤੀ ਦੇ ਅਸਲੀ ਮਾਲਕ ਮੂਲ ਨਿਵਾਸੀ ਹਨ ਅਤੇ ਇਥੇ ਆ ਕੇ ਵਸੀਆਂ ਕੌਮਾਂ ਸਦਾ ਹੀ ਉਹਨਾਂ ਦੀਆਂ ਦੇਣਦਾਰ ਹਨ।

ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ।

ਇੰਟਰਨੈਸ਼ਨਲ ਪੰਜਾਬੀ ਨਿਊਜ਼ ਵੀਕਲੀ
ਪਰਵਾਸੀ
ਧਰਤੀ ਅਪਣਾ ਦੇਸ਼

| | | |
|---|---|---|
| Publisher & Chief Editor | : | Rajinder Saini |
| Associate Editor | : | Meenakshi Saini |
| Graphics and layout | : | Sehajpreet Jessal |
| Marketing Manager | : | Dharmveer Singh |
| Sales Team | : | Vipin Choudhry |
| | | Sanjeev Sharma |
| | | Surinder Thakur |
| Senior reporter | : | Prabhjot Singh |
| Reporter | : | Navneet Kaur |

**Office Address**

Parvasi Media Group
Unit 219, 2975
Drew Road, Mississauga, ON – L4T 0A1
Tel : 905-673-0600 Fax : 905-673-6422
E-mail: office@parvasi.com Web Site : www.parvasi.com

Parvasi weekly & people associated with it are not responsible for any claims made by the advertisement & do not endorse any product or service advertised in Parvasi Weekly. Please consult your lawyer before buying/hiring/contracting through the ads. published in this newspaper. The Parvasi Weekly is in the business of selling space and the claims made by the advertisement are not tested/confirmed by an independent source.

‘ਅੰਤਰਰਾਸ਼ਟਰੀ ਢਾਹਾਂ ਸਾਹਿਤ ਇਨਾਮ’, ‘ਬਦੇਸ਼ੀ ਸ਼ਰੋਮਣੀ ਲੇਖਕ ਪੁਰਸਕਾਰ’,ਅਦਾਰਾ ਪਰਵਾਸੀ ਮੀਡੀਆ ਵੱਲੋਂ ਮਿਲਿਆ ‘ਬੈਸਟ ਰਾਈਟਰ ਐਵਾਰਡ’ ਅਤੇ ਕਈ ਹੋਰ ਸਾਹਿਤਕ ਇਨਾਮਾਂ ਦਾ ਜੇਤੂ ਜਰਨੈਲ ਸਿੰਘ ਵੱਡਾ ਕਹਾਣੀਕਾਰ ਹੈ। ਪਰਵਾਸੀ ਜੀਵਨ ਅਤੇ ਅੰਤਰਰਾਸ਼ਟਰੀ ਮਸਲਿਆਂ ਬਾਰੇ ਉਚ-ਮਿਆਰੀ ਕਹਾਣੀਆਂ ਦੀ ਰਚਨਾ ਰਾਹੀਂ ਉਸਨੇ ਕਹਾਣੀ-ਕਲਾ ਦੀਆਂ ਸਿਖਰਾਂ ਛੋਹੀਆਂ ਹਨ। ਇਸ ਪੁਸਤਕ ਵਿਚ ਉਸਨੇ ਆਪਣੇ ਜੀਵਨ ਵੇਰਵਿਆਂ ਦੇ ਨਾਲ਼- ਨਾਲ਼ ਭਾਰਤ ਅਤੇ ਕੈਨੇਡਾ ਦੇ ਸਮਾਜਕ, ਸਭਿਅਚਾਰਕ ਤੇ ਇਤਿਹਾਸਕ ਘਟਨਾ-ਕ੍ਰਮ ਨੂੰ ਵੀ ਬਾਖ਼ੂਬੀ ਚਿੱਤਰਿਆ ਹੈ। ਸੰਘਰਸ਼ਮਈ, ਉਤਸ਼ਾਹਵਰਧਕ, ਸੇਧ ਮੂਲਕ ਅਤੇ ਮਾਨਵੀ ਗੁਣਾਂ ਵਾਲ਼ੀਆਂ ਲਿਖਤਾਂ ਨੂੰ ਅਸੀਂ ‘ਪਰਵਾਸੀ’ ਅਖ਼ਬਾਰ ਵਿਚ ਲੜੀਵਾਰ ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ।

# ਇੰਮੀਗ੍ਰਾਂਟਾਂ ਦੇ ਦੇਸ਼ ਕੈਨੇਡਾ ਵਿਚ

ਲੜੀਵਾਰ ਕਾਲਮ




8 ਸਤੰਬਰ ਨੂੰ ਮੈਂ ਟਰਾਂਟੋ ਪਹੁੰਚ ਗਿਆ। ਸਾਂਢੂ-ਸਾਲ਼ੀ ਗਰੇਟਰ ਟਰਾਂਟੋ ਦੇ ਸ਼ਹਿਰ ਵੌਨ (Vaughan) ’ਚ ਰਹਿੰਦੇ ਸਨ। ਰਣਜੀਤ ਸਿੰਘ ਕਰੇਨ ਓਪਰੇਟਰ ਸੀ ਤੇ ਗੁਰਸ਼ਰਨ ਕੌਰ ਫਰਨੀਚਰ ਫੈਕਟਰੀ ’ਚ ਜੌਬ ਕਰਦੀ ਸੀ। ਉਨ੍ਹਾਂ ਦਾ ਵੱਡਾ ਲੜਕਾ ਯੂਨੀਵਰਸਟੀ ’ਚ ਪੜ੍ਹਦਾ ਸੀ ਤੇ ਛੋਟਾ ਹਾਈ ਸਕੂਲ ’ਚ। ਪਰਿਵਾਰ ਚੰਗਾ ਜੀਵਨ ਬਤੀਤ ਕਰ ਰਿਹਾ ਸੀ।

ਗਰੇਟਰ ਟਰਾਂਟੋ ’ਚ ਹੋਰ ਵੀ ਰਿਸ਼ਤੇਦਾਰ ਸਨ। ਕੁਲਵੰਤ ਦੀ ਭੂਆ ਦਾ ਪੁੱਤ ਸੁਖਜੀਤ ਸਿੰਘ ਨਰਵਾਲ (ਐਕਸ ਏਅਰ ਫੋਰਸ), ਤਾਏ ਦਾ ਪੁੱਤ ਕਰਨਲ ਜੋਗਿੰਦਰ ਸਿੰਘ ਖਹਿਰਾ ਅਤੇ ਸਾਡੀ ਬੀਬੀ ਦੇ ਚਚੇਰੇ ਭਰਾ ਦਾ ਪੁੱਤ ਸੁਰਿੰਦਰਪਾਲ ਸਿੰਘ ਪੰਨੂੰ। ਮੈਂ ਐਮਨਿਸਟੀ ਬਾਰੇ ਜਾਣਨ ਲਈ ਉਤਸਕ ਸਾਂ। ਰਣਜੀਤ ਨਾਲ਼ ਗੱਲ ਛੇੜੀ। ਉਹ ਦੱਸਣ ਲੱਗ ਪਿਆ “ਕੈਨੇਡਾ ਸਰਕਾਰ ਪਹਿਲੀ ਜਨਵਰੀ 1989 ਤੋਂ ਇੰਮੀਗਰੇਸ਼ਨ ਕਾਨੂੰਨਾਂ ਵਿਚ ਕੁਝ ਤਬਦੀਲੀਆਂ ਕਰਨ ਜਾ ਰਹੀ ਆ। ਸੋਧਿਆ ਹੋਇਆ ਕਾਨੂੰਨ ਕੈਨੇਡਾ ’ਚ ਪਹਿਲਾਂ ਰਹਿੰਦੇ ਕੱਚੇ ਲੋਕਾਂ ’ਤੇ ਲਾਗੂ ਨਹੀਂ ਹੋ ਸਕਦਾ। ਸੋ ਅੰਦਾਜ਼ਾ ਇਹ ਆ ਕਿ ਸੋਧੇ ਹੋਏ ਕਾਨੂੰਨ ਨੂੰ ਅਮਲ ਵਿਚ ਲਿਆਉਣ ਤੋਂ ਪਹਿਲਾਂ, ਸਰਕਾਰ ਕੱਚੇ ਲੋਕਾਂ ਵਾਲ਼ਾ ਖਾਤਾ ਪੱਧਰਾ ਕਰਨ ਲਈ ਐਮਨਿਸਟੀ ਦਾ ਐਲਾਨ ਕਰੇਗੀ। ਤੁਸੀਂ ਰਫਿਊਜੀ ਸਟੇਟਸ ਲਈ ਅਪਲਾਈ ਕਰ ਦਿਓ।”

“ਰਣਜੀਤ ਜੀ! ਜਦ ਮੇਰੀ ਕੋਈ ਪੁਲਿਟੀਕਲ ਪਰੌਬਲਮ ਹੈ ਈ ਨਹੀਂ, ਰਫਿਊਜੀ ਕੇਸ ਮੈਂ ਕਿਵੇਂ ਪਾ ਦੇਵਾਂ।” ਮੈਂ ਖਦਸ਼ਾ ਜ਼ਹਿਰ ਕੀਤਾ।

“ਕੈਨੇਡਾ ਦਾ ਐਟਿਚਿਊਡ ਨਰਮੀ ਵਾਲ਼ਾ ਹੁੰਦਾ ਆ। ਏਥੇ ਬਹੁਤੇ ਇੰਮੀਗਰਾਂਟ ਰਫਿਊਜੀ ਕੇਸਾਂ ਰਾਹੀਂ ਪੱਕੇ ਹੋਇਓ ਆ। ਅਸਲ ਗੱਲ ਤਾਂ ਇਹ ਹੈ ਕਿ ਇਸ ਵਕਤ ਕੈਨੇਡਾ ਦੀ ਇਕਾਨਮੀ ਹੌਟ ਆ। ਜੌਬਾਂ ਬਹੁਤ ਆ। ਇਨ੍ਹਾਂ ਨੂੰ ਬੰਦੇ ਚਾਹੀਦੇ ਆ।” ਇੰਡੀਆ ’ਚ ਮੇਰੀ ਨੌਕਰੀ ਤਾਂ ਹੈਗੀ ਸੀ ਪਰ ਓਥੇ ਬੱਚਿਆਂ ਦਾ ਭਵਿੱਖ ਠੀਕ ਨਹੀਂ ਸੀ ਲੱਗ ਰਿਹਾ। ਮੇਰੀ ਪਤਨੀ ਤੇ ਭਰਾਵਾਂ ਦੇ ਮਨਾਂ ’ਚ ਵੀ ਇਹੀ ਸੀ ਕਿ ਚੰਗੇਰੇ ਭਵਿੱਖ ਲਈ ਕੈਨੇਡਾ ਜਾਂ ਅਮਰੀਕਾ ’ਚ ਜੜ੍ਹਾਂ ਲਾਈਆਂ ਜਾਣ। ਸੋ ਮੈਂ ਅਪਲਾਈ ਕਰ ਦਿੱਤਾ।

**ਕੈਨੇਡਾ ਨਾਲ਼ ਵਾਕਫੀਅਤ** : ਜਿਸ ਦੇਸ਼ ’ਚ ਰਹਿਣ ਲਈ ਕਦਮ ਚੁੱਕਿਆ, ਉਸ ਬਾਰੇ ਜਾਣਕਾਰੀ ਹਾਸਲ ਕਰਨੀ ਜ਼ਰੂਰੀ ਸੀ। ਮੈਂ ਰਣਜੀਤ ਤੋਂ ਕਿਤਾਬਾਂ ਮੰਗਵਾ ਲਈਆਂ ਤੇ ਨਿੱਠ ਕੇ ਪੜ੍ਹੀਆਂ। ਕੈਨੇਡਾ ਦਾ ਢਾਂਚਾ ਮੈਨੂੰ ਵਧੀਆ ਲੱਗਾ। ਮੋਟੇ ਤੌਰ ’ਤੇ ਕੁਝ ਜਾਣਕਾਰੀ ਪਾਠਕਾਂ ਨਾਲ਼ ਸਾਂਝੀ ਕਰ ਰਿਹਾਂ:

ਕੈਨੇਡਾ ਖੇਤਰਫਲ ਦੇ ਹਿਸਾਬ ਨਾਲ਼ ਦੁਨੀਆਂ ਦਾ ਸਭ ਤੋਂ ਵੱਡਾ ਦੂਜਾ ਦੇਸ਼ ਹੈ। ਦੱਖਣ ਵਿਚ ਕੈਨੇਡਾ ਦਾ ਅਮਰੀਕਾ ਨਾਲ਼ ਲਗਦਾ ਬਾਰਡਰ ਦੁਨੀਆਂ ਦਾ ਸਭ ਤੋਂ ਲੰਮਾ ਬਾਰਡਰ ਹੈ। ਦਿਲਚਸਪ ਗੱਲ ਇਹ ਹੈ ਕਿ 8891 ਕਿਲੋਮੀਟਰ ਲੰਮੇ ਇਸ ਬਾਰਡਰ ’ਤੇ ਫੌਜੀਆਂ ਦਾ ਕੋਈ ਪਹਿਰਾ ਨਹੀਂ।

ਕੈਨੇਡਾ ਦੇ 10 ਸੂਬੇ (ਪਰੋਵਿੰਸ) ਤੇ ਤਿੰਨ ਟੈਰਿਟਰੀ ਹਨ। ਰਾਜਧਾਨੀ ਓਟਵਾ ਹੈ। ਉਨਟੇਰੀਓ, ਬ੍ਰਿਟਿਸ਼ ਕੋਲੰਬੀਆ ਤੇ ਕਿਉਬੈੱਕ ਵੱਧ ਵਸੋਂ ਵਾਲ਼ੇ ਸੂਬੇ ਹਨ। ਟਰਾਂਟੋ, ਮਾਂਟਰੀਆਲ ਤੇ ਵੈਨਕੂਵਰ ਮਹਾਂਨਗਰ ਹਨ।

**ਕੈਨੇਡਾ ਦੇ ਮੁਢਲੇ ਵਸਨੀਕ** : ਕੈਨੇਡਾ ਅਸਲ ਵਿਚ ਨੇਟਿਵ ਲੋਕਾਂ ਦਾ ਦੇਸ਼ ਹੈ। ਨੇਟਿਵ ਅਮਰੀਕਾ ਵਿਚ ਵੀ ਹਨ। ਉੱਤਰੀ ਅਮਰੀਕਾ ਦੇ ਮੁਢਲੇ ਬਾਸ਼ਿੰਦੇ ਹੋਣ ਕਰਕੇ ਇਨ੍ਹਾਂ ਬਾਰੇ ਜਾਣਨ ਲਈ ਮੇਰੀ ਵਿਸ਼ੇਸ਼ ਜਿਗਿਆਸਾ ਸੀ। ਨੇਟਿਵਾਂ ਲਈ ਵਰਤੇ ਜਾਂਦੇ ਹੋਰ ਨਾਂ ਇਹ ਹਨ: ਇੰਡੀਅਨ, ਰੈੱਡ ਇੰਡੀਅਨ, ਐਬਔਰਿਜਨਲ (Aboriginal), ਫਸਟ ਨੇਸ਼ਨਜ਼ (FirstNations) ਤੇ ਇੰਡੀਜੀਨਸ (Indigenous)

**ਇਨ੍ਹਾਂ ਨਾਵਾਂ ਨਾਲ਼ ਸੰਬੰਧਿਤ ਹਵਾਲੇ**: ਇੰਡੀਅਨ: ਸੰਨ 1472 ਵਿਚ ਨਵੇਂ ਦੇਸ਼ਾਂ ਨੂੰ ਲੱਭਣ ਵਾਲ਼ਾ ਇਟਾਲੀਅਨ ਖੋਜੀ ਕਰਿਸਟੋਫਰ ਕੋਲੰਬਸ ਆਪਣੇ ਨਾਲ਼ ਕੁਝ ਹੋਰ ਮਲਾਹ ਲੈ ਕੇ, ਤਿਜਾਰਤੀ ਮੰਤਵ ਲਈ, ਭਾਰਤ ਨੂੰ ਲੱਭਣ ਨਿਕਲ਼ਿਆ ਸੀ ਪਰ ਭੁਲੇਖੇ ਨਾਲ਼ ਅਮਰੀਕਾ ਪਹੁੰਚ ਗਿਆ। ਆਪਣੇ ਆਪ ਨੂੰ ਭਾਰਤ ’ਚ ਸਮਝਦਿਆਂ, ਉਸਨੇ ਅਮਰੀਕਨ ਨੇਟਿਵਾਂ ਨੂੰ ‘ਇੰਡੀਅਨ’ ਨਾਂ ਨਾਲ਼ ਸੰਬੋਧਨ ਕੀਤਾ। ਉਦੋਂ ਤੋਂ ਅਮਰੀਕਾ ਤੇ ਕੈਨੇਡਾ ਦੇ ਨੇਟਿਵਾਂ ਨਾਲ਼ ‘ਇੰਡੀਅਨ’ ਨਾਂ ਜੁੜ ਗਿਆ।

ਰੈੱਡ ਇੰਡੀਅਨ: ਭਾਰਤ ਤੇ ਉੱਤਰੀ ਅਮਰੀਕਾ ਅੰਗ੍ਰੇਜ਼ਾਂ ਦੀਆਂ ਕਾਲੋਨੀਆਂ ਸਨ। ਬਸਤੀਵਾਦੀ ਅੰਗ੍ਰੇਜ਼ ਭਾਰਤੀਆਂ ਨੂੰ ਬਲੈਕ (ਕਾਲ਼ੇ) ਇੰਡੀਅਨ ਤੇ ਨੇਟਿਵਾਂ ਦਾ ਰੰਗ ਲਾਲਗੀ ’ਚ ਹੋਣ ਕਰਕੇ ਇਨ੍ਹਾਂ ਨੂੰ ਰੈੱਡ ਇੰਡੀਅਨ ਆਖਦੇ ਸਨ। ਇਹ ਨਾਂ ਨੇਟਿਵਾਂ ਨੂੰ ਭਾਰਤੀਆਂ ਨਾਲੋਂ ਵੱਖਰਿਆਉਣ ਲਈ ਹੀ ਵਰਤਿਆ ਜਾਂਦਾ ਸੀ। ਸੋ ਇਸ ਨਾਂ ਦੀ ਪ੍ਰਸੰਗਿਕਤਾ ਬਸਤੀਵਾਦੀ ਕਾਲ ਤੱਕ ਹੀ ਸੀ।

ਐਬਔਰਿਜਨਲ: ਇਹ ਸ਼ਬਦ ਭਾਵੇਂ ਵਰਤਿਆ ਤਾਂ ਜਾਂਦੈ ਪਰ ਨੇਟਿਵ ਇਸਨੂੰ ਪ੍ਰਵਾਨ ਨਹੀਂ ਕਰਦੇ। ਲਾਤੀਨੀ ਸ਼ਬਦ Ab (ਐਬ) ਦਾ ਅਰਥ ਹੈ Not ਯਾਅਨੀ ਨਹੀਂ। ਐਬ ਦਾ ਅਰਥ ਨੇਟਿਵਾਂ ਨੂੰ ਉਨ੍ਹਾਂ ਦੇ ਮੁੱਢਲੇ (Original) ਹੋਣ ਦੇ ਹੱਕ ਤੋਂ ਵਾਂਝਿਆਂ ਕਰਦਾ ਹੈ।

ਫਸਟ ਨੇਸ਼ਨਜ਼: ਭਾਵ ‘ਪਹਿਲੀਆਂ ਕੌਮਾਂ’ ਨਾਂ ਸਹੀ ਤੇ ਢੁੱਕਵਾਂ ਹੈ।

ਇੰਡੀਜੀਨਸ: ਯਾਅਨੀ ‘ਦੇਸੀ’ ਨਾਂ ਵੀ ਸਹੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਨੇਟਿਵ ਕਿੱਥੋਂ ਤੇ ਕਦੋਂ ਆਏ? ਇਸ ਬਾਰੇ ਇਤਿਹਾਸਕ ਜਾਣਕਾਰੀ ਉਪਲਬਧ ਨਹੀਂ। ਇਕ ਨਵੀਂ ਖੋਜ ਅਨਸਾਰ ਤਕਰੀਬਨ 16000 ਸਾਲ ਪਹਿਲਾਂ ਉਹ ਸਾਇਬੇਰੀਆ ਤੇ ਪੂਰਬੀ ਏਸ਼ੀਆ (ਚੀਨ, ਜਾਪਾਨ, ਮੰਗੋਲੀਆ ਆਦਿ) ਤੋਂ ਆਏ ਸਨ। ਦੋਨਾਂ ਵਰਗਾਂ ਦੇ ਆਪਸੀ ਸੰਬੰਧਾਂ ਰਾਹੀਂ ਉਨ੍ਹਾਂ ਦਾ ਵਿਸਥਾਰ ਹੁੰਦਾ ਰਿਹਾ।

ਨਵੀਆਂ ਧਰਤੀਆਂ ਦੇ ਯੌਰਪੀਨ ਖੋਜੀ ਤੇ ਵਪਾਰੀ ਪੰਦਰਵੀਂ ਤੇ ਸੋਲ਼ਵੀਂ ਸਦੀ ਦੌਰਾਨ ਕੈਨੇਡਾ ਆਏ। ਪਹਿਲਾਂ ਨਰਮ ਵਾਲ਼ਾਂ ਵਾਲ਼ੇ ਚਮੜੇ (FUR), ਮੱਛੀ ਤੇ ਕੁਝ ਹੋਰ ਵਸਤਾਂ ਦੀ ਖ਼ਰੀਦ ਸ਼ੁਰੂ ਹੋਈ ਤੇ ਫਿਰ ਅੰਗ੍ਰੇਜ਼ਾਂ ਤੇ ਫਰਾਂਸੀਸੀਆਂ ਦੀ ਬਸਤੀਵਾਦੀ ਬਿਰਤੀ ਹਾਵੀ ਹੋ ਗਈ। ਉਹ ਇਲਾਕੇ ਮੱਲਣ ਲੱਗ ਪਏ। ਵੱਧ ਤੋਂ ਵੱਧ ਇਲਾਕੇ ਮੱਲਣ ਦੀ ਹੋੜ ਵਿਚ ਦੋਨਾਂ ਬਸਤੀਵਾਦਾਂ ’ਚ ਟਕਰਾਅ ਸ਼ੁਰੂ ਹੋ ਗਿਆ। ਲੜਾਈਆਂ ਹੋਈਆਂ। ਅੰਗ੍ਰੇਜ਼ ਬਾਜ਼ੀ ਮਾਰ ਗਏ।

ਸਾਰੇ ਇਲਾਕਿਆਂ ਨੂੰ ਸੰਗਠਿਤ ਕਰਨ ਲਈ ਇੰਗਲੈਂਡ ਦੀ ਸਰਕਾਰ ਨੇ ਪਹਿਲੀ ਜੁਲਾਈ 1867 ਨੂੰ ਚਾਰ ਸੂਬਿਆਂ– ਉਨਟੇਰੀਓ, ਕਿਊਬੈੱਕ, ਨੋਵਾ ਸਕੌਸ਼ਿਆ ਤੇ ਨਿਊਬਰਨਜ਼ਵਿਕ ਦੀ ਕੌਨਫੈਡਰੇਸ਼ਨ ਬਣਾ ਦਿਤੀ। ਇਹ ਤਾਰੀਖ਼ ਕੈਨੇਡਾ ਦਾ ਜਨਮ ਦਿਨ ਮੰਨੀ ਜਾਂਦੀ ਹੈ। ਅਗਲੇ ਸਾਲਾਂ ਵਿਚ ਬਾਕੀ ਸੂਬੇ ਵੀ ਕੌਨਫੈਡਰੇਸ਼ਨ ਵਿਚ ਸ਼ਾਮਲ ਹੋ ਗਏ ਤੇ ਕੈਨੇਡਾ ਦਾ ਸਮੁੱਚਾ ਰੂਪ ਹੋਂਦ ਵਿਚ ਆ ਗਿਆ।



1931 ਵਿਚ ਕੈਨੇਡਾ ਆਜ਼ਾਦ ਹੋ ਗਿਆ।

ਕੈਨੇਡਾ ਪਾਰਲੀਮੈਂਟਰੀ ਲੋਕਤੰਤਰ ਹੈ। ਪਾਰਲੀਮੈਂਟ ਦੇ ਦੋ ਹਾਊਸ ਹਨ। ਹੇਠਲੇ ਹਾਊਸ ਨੂੰ ‘ਹਾਊਸ ਆਫ ਕੌਮਨਜ਼’ ਕਿਹਾ ਜਾਂਦਾ ਹੈ ਤੇ ਉੱਪਰਲੇ ਨੂੰ ਸੈਨੇਟ। ਹੇਠਲੇ ਹਾਊਸ ਦੇ ਮੈਂਬਰ ਲੋਕਾਂ ਵੱਲੋਂ ਚੁਣੇ ਜਾਂਦੇ ਹਨ ਤੇ ਸੈਨੇਟ ਦੇ, ਜਿਨ੍ਹਾਂ ਨੂੰ ਸੈਨੇਟਰ ਕਿਹਾ ਜਾਂਦਾ ਹੈ, ਨਿਯੁਕਤ ਕੀਤੇ ਜਾਂਦੇ ਹਨ।

‘ਹਾਊਸ ਆਫ ਕੌਮਨਜ਼’ ਦੀ ਬਹੁਮਤ ਪਾਰਟੀ ਦਾ ਲੀਡਰ ਪ੍ਰਧਾਨ ਮੰਤਰੀ ਹੁੰਦਾ ਹੈ। ਇੰਗਲੈਂਡ ਦੀ ਰਾਣੀ ਕੈਨੇਡਾ ਦੀ ਬਾਦਸ਼ਾਹ ਹੈ। ਪਰ ਇਹ ਉਪਾਧੀ ਸਿਰਫ਼ ਸੰਵਿਧਾਨਕ ਹੈ। ਕੈਨੇਡਾ ਦੇ ਸਰਕਾਰੀ ਕਾਰਜਾਂ ਵਿਚ ਉਸਦੀ ਕੋਈ ਸਰਗਰਮ ਭੂਮਿਕਾ ਨਹੀਂ। ਕੈਨੇਡਾ ਦਾ ਗਵਰਨਰ ਜਨਰਲ ਰਾਣੀ ਦਾ ਪ੍ਰਤੀਨਿਧ ਹੈ। ਰਾਣੀ ਦੇ ਕਾਰਜ ਉਹ ਨਿਭਾਉਂਦਾ ਹੈ।

ਕੈਨੇਡਾ ਦੇ ਸੂਬਿਆਂ ਤੇ ਟੈਰਿਟਰੀਜ਼ ਦੀਆਂ ਆਪਣੀਆਂ ਲੈਜਿਸਲੇਟਿਵ ਅਸੈਂਬਲੀਆਂ ਹਨ। ਇਨ੍ਹਾਂ ਨੂੰ ‘ਪਰੋਵਿੰਸ਼ਿਅਲ ਪਾਰਲੀਮੈਂਟ’ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੇ ਮੈਂਬਰਾਂ ਦੀ ਚੋਣ, ਹਲਕਿਆਂ ਦੇ ਵੋਟਰਾਂ ਵਲੋਂ ਹੁੰਦੀ ਹੈ। ਬਹੁਮਤ ਵਾਲ਼ੀ ਪਾਰਟੀ ਦਾ ਲੀਡਰ ਸੂਬੇ ਦਾ ‘ਪ੍ਰੀਮੀਅਰ’ (ਮੁੱਖ ਮੰਤਰੀ) ਹੁੰਦਾ ਹੈ।

ਕੈਨੇਡਾ ਦੀਆਂ ਰਾਜਨੀਤਕ ਪਾਰਟੀਆਂ: ਲਿਬਰਲ ਪਾਰਟੀ, ਪ੍ਰੌਗਰੈਸਿਵ ਕੰਸਰਵੇਟਿਵ ਪਾਰਟੀ, ਨੈਸ਼ਨਲ ਡੈਮੋਕ੍ਰੈਟਿਕ ਪਾਰਟੀ, ਗਰੀਨ ਪਾਰਟੀ, ਬਲੌਕ ਕਿਊਬੈੱਕਵਾ, ਪਾਰਟੀ ਕਿਊਬੈੱਕਵਾ, (ਇਹ ਦੋ ਪਾਰਟੀਆਂ ਕਿਊਬੈੱਕ ਸੂਬੇ ਦੇ ਰਾਜਨੀਤਕਾਂ ਦੀਆਂ ਹਨ। ਇਸ ਸੂਬੇ ਵਿਚ ਬਹੁਗਿਣਤੀ ਫਰਾਂਸੀਸੀ ਮੂਲ ਦੇ ਕੈਨੇਡੀਅਨਾਂ ਦੀ ਹੈ)।

ਕੈਨੇਡਾ ਦੇ ਰਾਜਨੀਤਕ ਸਿਰਫ ਗੱਲਾਂ ਹੀ ਨਹੀਂ ਕੰਮ ਵੀ ਕਰਦੇ ਹਨ। ਸਾਲ ਵਿਚ ਪਾਰਲੀਮੈਂਟ ਦੇ ਕੁੱਲ ਸੈਸ਼ਨਾਂ ਦਾ ਜੋੜ 100 ਦਿਨ ਤੋਂ ਉੱਪਰ ਹੁੰਦਾ ਹੈ।

ਕੈਨੇਡਾ ਦੀਆਂ ਰਾਸ਼ਟਰੀ ਭਾਸ਼ਾਵਾਂ ਦੋ ਹਨ– ਅੰਗ੍ਰਜ਼ੀ ਤੇ ਫਰੈਂਚ।

ਕੈਨੇਡਾ ਮਲਟੀਕਲਚਰਲ ਯਾਅਨੀ ਬਹੁਸਭਿਆਚਾਰੀ ਦੇਸ਼ ਹੈ। ਮਲਟੀਕਲਚਰਲਿਜ਼ਮ ਕੈਨੇਡਾ ਦੇ ਵਿਧਾਨ ਦੇ ‘ਚਾਰਟਰ ਆਫ ਰਾਈਟਸ ਐਂਡ ਫਰੀਡਮ’ ਵਿਚ ਦਰਜ ਹੈ। 150 ਤੋਂ ਵੱਧ ਦੇਸ਼ਾਂ ਤੋਂ ਆਏ ਲੋਕ ਏਥੇ ਵਸਦੇ ਹਨ। Unity in Diversity ਯਾਅਨੀ ‘ਵੰਨ-ਸੁਵੰਨਤਾ ਵਿਚ ਏਕਤਾ’ ਦੇ ਸਿਧਾਂਤ ਅਨੁਸਾਰ ਇੰਮੀਗਰਾਂਟਾਂ ਦੀਆਂ ਚੀਨੀ, ਭਾਰਤੀ, ਇਟਾਲੀਅਨ, ਜਰਮਨ, ਫਿਲਪੀਨੀ, ਪੁਰਤਗਾਲੀ, ਸ਼੍ਰੀਲੰਕਨ, ਈਰਾਨੀ, ਗੱਲ ਕੀ ਹਰ ਕਮਿਊਨਿਟੀ ਨੂੰ ਆਪਣੀ ਭਾਸ਼ਾ, ਕਲਚਰ ਤੇ ਧਰਮ ਨੂੰ ਬਰਕਰਾਰ ਰੱਖਣ ਦਾ ਹੱਕ ਹਾਸਲ ਹੈ।

ਕੈਨੇਡਾ ਦੁਨੀਆਂ ਦਾ 10ਵਾਂ ਵੱਡਾ ਅਰਥਚਾਰਾ ਹੈ। ਇਹ ਅਰਥਚਾਰਾ ਕੁਦਰਤੀ ਸ੍ਰੋਤਾਂ ਅਤੇ ਅੰਤਰਰਾਸ਼ਟਰੀ ਵਪਾਰ ਦੇ ਨੈੱਟਵਰਕ ’ਤੇ ਆਧਾਰਿਤ ਹੈ। ਕੁੱਲ ਜ਼ਮੀਨ ਦੇ 42% ਹਿੱਸੇ ਵਿਚ ਝੂਮਦੇ ਜੰਗਲ ਕੈਨੇਡਾ ਦੀ ਇਕਾਨਮੀ ਦਾ ਸ੍ਰੋਤ ਤਾਂ ਹਨ ਹੀ, ਇਹ ਵਾਤਾਵਰਣ ਨੂੰ ਵੀ ਸਾਫ ਰੱਖਦੇ ਹਨ।

ਅੰਤਰਰਾਸ਼ਟਰੀ ਮਾਪਦੰਡਾਂ ਮੁਤਾਬਿਕ, ਕੈਨੇਡਾ ਦੀਆਂ ਸਿਹਤ ਤੇ ਵਿਦਿਅਕ ਪ੍ਰਣਾਲੀਆਂ, ਸਰਕਾਰਾਂ ਦੀਆਂ ਗਤੀਵਿਧੀਆਂ ਦੀ ਪਾਰਦਰਸ਼ਤਾ, ਇਸਦੇ ਨਾਗਰਿਕਾਂ ਦੇ ਜੀਵਨ-ਪੱਧਰ, ਉਨ੍ਹਾਂ ਦੀ ਸਿਵਲ ਤੇ ਆਰਥਿਕ ਆਜ਼ਾਦੀ ਅਤੇ ਕੁਝ ਹੋਰ ਪੱਖਾਂ ਤੋਂ ਇਹ ਦੇਸ਼ ਦੁਨੀਆਂ ਦੇ ਉੱਚ-ਕੋਟੀ ਦੇਸ਼ਾਂ ਵਿਚ ਗਿਣਿਆਂ ਜਾਂਦਾ ਹੈ।

•••



# BREAST CANCER



**What is Breast Cancer? :**

Breast cancer is one of the most prevalent types of cancer affecting the Indian population. With its steadily climbing incidence rates, breast cancer has now become the most common type of cancer among Indian women. According to the Indian Council of Medical Research, every one in 22 women will develop breast cancer within their lifetime. There are different types of breast cancer but one which begins in the milk duct is the most common type of breast cancer. Similar to other cancer types, in breast cancer too, the cancerous cells in the mammary glands multiply abnormally and develop into a tumor and then begin to attack lymph nodes or are carried to different parts of the body.



**Risk Factors for breast cancer include**

* Gender: Breast cancer is 100 times more common among women than men. This is because women possess more of the hormones estrogen and progesterone, which is linked to the development of cancer cells.
* Genetic Inheritance: An estimated 5-10% of breast cancer cases are considered hereditary or mutations that have been passed on from parent to child. Defects in BRCA1 and BRCA2 genes are the most common cause for hereditary breast cancer. These particular genes help prevent cells from mutating or growing abnormally.
* Increased number of menstrual cycles: Women who have had more menstrual cycles due to starting at an early age (before 12 years) or go through menopause at a later age (over 55 years) are at an increased risk.
* Aging
* Family history
* Personal history of breast cancer
* Dense breast tissue
* Previous chest radiation exposure
* Benign breast conditions
* Women having no children or having their first child after the age of 30 years
* Oral contraceptive use
* Increased alcohol consumption
* Being overweight
* Minimal physical activity

**Diagnosis of Breast Cancer :** Although symptoms may suggest that cancer is present, the use of diagnostic imaging can help confirm whether the cancer really exists. The following are imaging tests that may be conducted in diagnosing breast cancer:

* Diagnostic Mammograms are x-rays of the breast where several images are taken of the area in question. Advanced diagnostic centres offer digital mammograms where the images are recorded, viewed and stored on a computer. Also, the use of digital mammography can allow for images to be sent electronically to other physicians or hospitals.
* MRI scans of the breast use radio waves and a strong magnet inreproducing detailed images of the body. MRI can be used in mammograms in detecting cancer for high risk individuals or can be used to better assess an abnormal area.
* Breast Ultrasound is a test that uses sound waves to create an image of organs and tissue within the body. Ultrasounds are typically used to differentiate between benign and cancerous tumors. Breast ultrasounds should be used in combination with mammograms.
* Ductogram is a test that examines the ducts where nipple discharge occurs. This is done by injecting contrast medium into the affected duct. An image is produced of the duct structure displaying any abnormalities.
* FNAC or biopsy of the breast in which cells or small piece of tissue is taken from the lump and examined under microscope by the pathologist to diagnose the breast cancer

## Treatment options for breast cancer

Treatment options may consist of surgery, chemotherapy, radiation therapy, hormone therapy or a combination of these treatments.

* Surgery is performed in order to remove the tumor in the breast and possible surrounding tissues and nearby lymph nodes.
*Chemotherapy uses anti-cancer drugs to kill or stop the growth of cancer cells.
* Radiation uses high-energy radiation beams to eliminate cancer cells or stop them from growing. Radiation therapy consists of external beam radiotherapy and brachytherapy or internal radiation therapy.
* External beam uses localized high energy radiation beams to eliminate cancer cells and keep them growing
* Brachytherapy uses a radioactive substance, usually in the form of seeds which are placed directly into or near the cancer which helps to shrink the tumor.
* **Hormone therapy** is a treatment that targets specific hormones to the cancer cellsby blocking the properties associated with cell growth.

## Common symptoms and signs of breast cancer :




* Irregular lump in one or both breasts
* Swelling of all or part of the breast, even if no lump is detected
* Skin irritation or dimpling
* Pain in the breast or nipple
* Nipple retraction (nipple turning inward)
* Redness, scaliness or thickening of the nipple or breast skin
* Nipple discharge (other than breast milk)

## Do's and Don'ts for breast cancer management

* Breast Self-Examination should be done by every female every monthly and consult the Surgical Oncologists if she feels any lump in the breast
* Annual Mammography is recommended for all females above 50 years of age to detect breast cancer at an early stage
* Never ignore any lump in the breast
* Avoid high fat diet and alcohol
* Always breast-feed the child as it decreases the risk of breast cancer
* Avoid estrogen-only oral contraceptive pills Child-bearing should be done preferable before 35 years of age
* Always have an active life style and avoid sedentary lifestyle to prevent being overweight

If there is strong family history of breast or any other cancers, go for genetic counseling and/or genetic testing.




### Facilities available at DMCH Cancer Care Centre

DMCH Cancer Care Centre is a dedicated cancer centre of north India having modern and state-of-the-art infrastructure to treat cancer patients. It follows internationally accepted treatment guidelines to treat the cancers. The cancer centre has various super specialty departments – Surgical Oncology, Medical Oncology, Radiation Oncology, Nuclear Medicine, Hemato-Oncology and Bone marrow transplant facilities and Pain and Palliative Care Department. It has highly qualified and skilled team of Surgical Oncologists.




# DAYANAND MEDICAL COLLEGE & HOSPITAL

## HERO DMC HEART INSTITUTE
## DMCH CANCER CARE CENTRE

(CONSTITUENTS OF DAYANAND MEDICAL COLLEGE & HOSPITAL MANAGING SOCIETY)

Tagore Nagar, Civil Lines, Ludhiana 141001, Punjab, India



DAYANAND MEDICAL COLLEGE & HOSPITAL



HERO DMC HEART INSTITUTE



DMCH CANCER CARE CENTRE

*It is rightly said "Seeing is Believing" Come and feel the world - class healthcare*

**A partner in nation building !**

Domiciled in Ludhiana - a city known as the Manchester of India, the Institution taking baby steps in 1964 and travelling a long Unstinted journey of 58 years, blossomed into an enviable nationally renowned Medical Institution. The institution popularly known as DMCH, has become a household name in HealthCare. The Institution is registered as a not-for-profit organization and is managed by the members who are visionaries and renowned personalities of the country. All the earnings are reinvested in the institution for the continuous betterment in patient care.

The institution is privileged to be the preferred destination of people of Punjab, 5 surrounding states and NRIs for its 24 X 7 spectrum of comprehensive medical facilities under one umbrella, with state-of-the-art technology and expertise par excellence, at highly affordable costs, with footfall of 20,000 persons a day.

The Institution, sprawling over 63 acres of land with centrally air conditioned buildings, is NABH accredited 1,625 bedded hospital,credited with treatment of 10+ Lac patients a year, Charity of Rs. 200 crores a year, turnover of Rs.1000 crores a year, employment generation of 5,000+ strength and a galaxy of nationally renowned Specialists and Super specialists doctors.

The Institution has state-of-the-art Infrastructure, advanced medical equipments, 35 operation theatres, 239 multispecialty bedded ICUs, 110 bedded emergency & trauma wings, 20 in-house pharmacies, in-house diagnostic facilities, in-house blood bank, in-house diet facilities, 130 private rooms, fully equipped ambulances and many more.

The institution has a Medical College and a Nursing College, well equipped with state-of-the-art infrastructure, for MBBS, BSc (Nursing) at undergraduate level, MD, MS, MSc (Nursing) and Nursing Practitioners Course at post graduate level and DM, M.CH at super-specialty level and are the preferred choice of the students.

Recognizing the quality of services and contribution of the institution to society, the institution has been honored with prestigious national awards of Best Multi Specialty Tertiary Care Hospital in India (category Non Metro City), India Health Care & Wellness Awards 2018 by CNBC TV18 and 14th rank in India, National Institutional Ranking Frame-work, Ministry of HRD, Govt. of India, Best Private Medical College in North India.

The Institution through its program "People Connect", connects with the masses by reaching out at their doorsteps and providing consultation, investigations, medicine, all free of cost and also regularly partners with the Government in various schemes at the rates below cost. The institution at international level, partners with William Osler Health Care System, Ontario, Canada on programs of mutual interest.

medicaltourism@dmch.edu 9329329327 | 9872400866 www.dmchinternationalpatients.com

# ਪ੍ਰੋ. ਆਸ਼ਿਕ ਰਹੀਲ : ਬਰੈਂਪਟਨ ਦੀ ਅਜ਼ੀਮ ਅਦਬੀ ਸ਼ਖ਼ਸੀਅਤ



ਪ੍ਰੋ. ਆਸ਼ਿਕ ਰਹੀਲ ਹੁਰਾਂ ਨਾਲ ਮੇਰੀ ਮੁਲਾਕਾਤ ਲੱਗਭੱਗ ਦਹਾਕਾ ਪਹਿਲਾਂ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੇ ਇਕ ਮਹੀਨਾਵਾਰ ਸਮਾਗ਼ਮ ਵਿਚ ਹੋਈ। ਇਹ ਗਰਮੀਆਂ ਦੇ ਦਿਨ ਸਨ। ਉਹ ਸਾਡੇ 10-12 ਦੋਸਤਾਂ ਵੱਲੋਂ ਮਿਲ ਕੇ ਪਿਛਲੇ 12 ਸਾਲਾਂ ਤੋਂ ਚਲਾਈ ਜਾ ਰਹੀ ਇਸ ਸਭਾ ਦੇ ਸਮਾਗ਼ਮ ਵਿਚ ਪਹਿਲੀ ਵਾਰ ਆਏ ਸਨ। ਪਤਲੇ ਜਿਹੇ ਇਕਹਿਰੇ ਛੀਟਕੇ ਸਰੀਰ 'ਤੇ ਸਫ਼ੈਦ ਪਾਕਿਸਤਾਨੀ ਕੁੜਤੇ-ਪਜਾਮੇ ਉੱਪਰ ਕਾਲ਼ੀ ਜੈਕਟ ਪਾਈ ਉਹ ਬੜੇ ਜੱਚ ਰਹੇ ਸਨ ਅਤੇ ਸਮਾਗ਼ਮ ਵਿਚ ਹਾਜ਼ਰ ਕਵੀਆਂ ਤੇ ਸਰੋਤਿਆਂ ਲਈ ਖਿੱਚ ਦਾ ਕਾਰਨ ਬਣੇ ਹੋਏ ਹਨ।

ਸਮਾਗ਼ਮ ਸ਼ੁਰੂ ਹੋਣ ਵਿਚ ਅਜੇ ਕੁਝ ਸਮਾਂ ਰਹਿੰਦਾ ਸੀ ਅਤੇ ਉਨ੍ਹਾਂ ਸਮੇਤ ਸਾਰੇ ਮੈਂਬਰ ਤੇ ਮਹਿਮਾਨ ਗਰਮ ਗਰਮ ਚਾਹ, ਵੇਸਣ ਦੀ ਬਰਫ਼ੀ ਅਤੇ ਪਕੌੜਿਆਂ ਦਾ ਲੁਤਫ਼ ਲੈ ਰਹੇ ਸਨ। ਚਾਹ ਪੀਂਦਿਆਂ ਮੇਰੇ ਅੰਦਰ ਉਨ੍ਹਾਂ ਨੂੰ ਮਿਲਣ ਦੀ ਉਤਸੁਕਤਾ ਦਾ ਅਹਿਸਾਸ ਹੋਇਆ ਅਤੇ ਮੈਂ ਉਨ੍ਹਾਂ ਦੇ ਨੇੜੇ ਜਾ ਕੇ 'ਅਸਲਾਮਾ-ਲੇਕਮ' ਜਾ ਬੁਲਾਈ। ਅੱਗੋਂ ਉਨ੍ਹਾਂ ਨੇ ਇਸ ਦਾ ਮੈਨੂੰ ਬੜੇ ਹੀ ਤਪਾਕ ਨਾਲ ਠੇਠ ਪੰਜਾਬੀ ਵਿਚ 'ਸਤਿ ਸ੍ਰੀ ਅਕਾਲ' ਕਹਿ ਕੇ ਜੁਆਬ ਦਿੱਤਾ। ਮੈਂ ਜਦੋਂ ਆਪਣਾ ਨਾਂ ਦੱਸ ਕੇ ਉਨ੍ਹਾਂ ਦੇ ਬਾਰੇ ਜਾਨਣਾ ਚਾਹਿਆ ਤਾਂ ਉਨ੍ਹਾਂ ਬੜੇ ਬੇ-ਤੁਕੱਲਫ਼ ਹੋ ਕੇ ਦੱਸਿਆ ਕਿ ਉਹ ਲਾਹੌਰ ਤੋਂ ਹਨ ਅਤੇ ਇੱਥੇ ਬਰੈਂਪਟਨ ਰਹਿੰਦੇ ਆਪਣੇ ਬੇਟਿਆਂ ਕੋਲ ਆਏ ਹਨ। ਆਪਣੇ ਪਰਿਵਾਰ ਬਾਰੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਦੋ ਬੇਟੇ ਇੱਥੇ ਬਰੈਂਪਟਨ ਵਿਚ ਰਹਿੰਦੇ ਹਨ ਅਤੇ ਉਹ ਉਨ੍ਹਾਂ ਨੂੰ ਮਿਲਣ ਆਏ ਹਨ। ਵੱਡਾ ਬੇਟਾ ਰੀਅਲ-ਅਸਟੇਟ ਦੇ ਕਾਰੋਬਾਰ ਵਿਚ ਮਸਰੂਫ਼ ਹੈ ਅਤੇ ਉਸ ਦੀ ਬੇਗ਼ਮ ਇੱਥੇ ਡੈਂਟਿਸਟ ਹੈ। ਛੋਟਾ ਬੇਟਾ ਇੱਥੇ ਆਪਣਾ ਰੈਸਟੋਰੈਂਟ ਚਲਾ ਰਿਹਾ ਹੈ। ਤੀਸਰਾ ਬੇਟਾ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਚ ਹੈ ਅਤੇ ਚੌਥਾ ਸੱਭ ਤੋਂ ਛੋਟਾ ਲਾਹੌਰ ਰਹਿੰਦਾ ਹੈ। ਮੈਂ ਵੀ ਆਪਣੇ ਪਰਿਵਾਰ ਬਾਰੇ ਸੰਖੇਪ ਜਾਣਕਾਰੀ ਉਨ੍ਹਾਂ ਨਾਲ ਸਾਂਝੀ ਕੀਤੀ।

ਸਮਾਗ਼ਮ ਆਰੰਭ ਹੋਇਆ। ਇਸ ਦੇ ਪਹਿਲੇ ਸੈਸ਼ਨ ਵਿਚ ਇਕ ਪੁਸਤਕ ਲੋਕ-ਅਰਪਿਤ ਕੀਤੀ ਗਈ ਅਤੇ ਇਕ ਬੁਲਾਰੇ ਵੱਲੋਂ ਪੁਸਤਕ ਦੇ ਬਾਰੇ ਜਾਣਕਾਰੀ ਪਰਚੇ ਦੇ ਰੂਪ ਵਿਚ ਸਾਂਝੀ ਕੀਤੀ ਗਈ। ਦੂਸਰੇ ਸੈਸ਼ਨ ਵਿਚ ਕਵੀ-ਦਰਬਾਰ ਸੀ ਜਿਸ ਵਿਚ ਪੰਜ-ਛੇ ਕਵੀਆਂ ਤੋਂ ਬਾਅਦ ਪ੍ਰੋ. ਆਸ਼ਿਕ ਰਹੀਲ ਨੇ ਛੋਟੀ ਬਹਿਰ ਵਿਚ ਪੰਜਾਬੀ ਵਿਚ ਆਪਣੀ ਖ਼ੂਬਸੂਰਤ ਗ਼ਜ਼ਲ ਪੇਸ਼ ਕੀਤੀ ਜਿਸ 'ਤੇ ਉਨ੍ਹਾਂ ਨੂੰ ਸਰੋਤਿਆਂ ਵੱਲੋਂ ਢੇਰ ਸਾਰੀ ਦਾਦ ਮਿਲੀ। ਇਸ ਤਰ੍ਹਾਂ ਸਭਾ ਦੇ ਸਮਾਗ਼ਮਾਂ ਵਿਚ ਉਨ੍ਹਾਂ ਨਾਲ ਮੁਲਾਕਾਤਾਂ ਦਾ ਇਹ ਸਿਲਸਿਲਾ ਕੁਝ ਮਹੀਨੇ ਚੱਲਦਾ ਰਿਹਾ ਅਤੇ ਫਿਰ ਅਚਾਨਕ ਬੰਦ ਹੋ ਗਿਆ। ਪਤਾ ਲੱਗਾ ਕਿ ਉਹ ਪਾਕਿਸਤਾਨ ਵਾਪਸ ਚਲੇ ਗਏ ਹਨ। ਅਗਲੀਆਂ ਗਰਮੀਆਂ ਵਿਚ ਉਹ ਫਿਰ ਇੱਥੇ ਬਰੈਂਪਟਨ ਰਹਿੰਦੇ ਬੇਟਿਆਂ ਕੋਲ ਆ ਗਏ ਅਤੇ ਸਾਡੀਆਂ ਮੁਲਾਕਾਤਾਂ ਦਾ ਸਿਲਸਿਲਾ ਮੁੜ ਤੋਂ ਬਹਾਲ ਹੋ ਗਿਆ। ਬਰੈਂਪਟਨ ਵਿਚ ਇਸ ਸਮੇਂ ਚਾਰ-ਪੰਜ ਸਾਹਿਤਕ ਸਭਾਵਾਂ ਸਰਗ਼ਰਮ ਹਨ ਅਤੇ ਉਹ ਲੱਗਭੱਗ ਸਾਰੀਆਂ ਹੀ ਸਭਾਵਾਂ ਦੇ ਸਮਾਗ਼ਮਾਂ ਵਿਚ ਸ਼ਿਰਕਤ ਕਰਦੇ ਹਨ। ਆਪਣੀਆਂ ਖ਼ੂਬਸੂਰਤ ਗ਼ਜ਼ਲਾਂ ਤੇ ਨਜ਼ਮਾਂ ਪੇਸ਼ ਕਰਦੇ ਹਨ ਅਤੇ ਸਰੋਤਿਆਂ ਕੋਲੋਂ 'ਵਾਹ-ਵਾਹ' ਖੱਟਦੇ ਹਨ। ਇਸ ਸਾਲ ਉਨ੍ਹਾਂ ਨੇ ਗਰਮੀਆਂ ਵਿਚ ਇੱਥੇ ਬਰੈਂਪਟਨ ਵਿਚ ਹੋਈਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਵਿਚ ਵੀ ਭਰਪੂਰ ਸ਼ਮੂਲੀਅਤ ਕੀਤੀ।

ਪ੍ਰੋ. ਆਸ਼ਿਕ ਰਹੀਲ ਗੌਰਮਿੰਟ ਕਾਲਜ ਲਾਹੌਰ ਜੋ ਹੁਣ 'ਗੌਰਮਿੰਟ ਕਾਲਜ ਯੂਨੀਵਰਸਿਟੀ' ਦੇ ਨਾਂ ਹੇਠ ਪੂਰੀ ਯੂਨੀਵਰਸਿਟੀ ਦਾ ਦਰਜਾ ਅਖ਼ਤਿਆਰ ਕਰ ਚੁੱਕਾ ਹੈ, ਵਿਚ ਮੈਥੇਮੈਟਿਕਸ (ਹਿਸਾਬ) ਦੇ ਪ੍ਰੋਫ਼ੈੱਸਰ ਰਹਿ ਚੁੱਕੇ ਹਨ। ਸਾਹਿਤ ਨਾਲ ਉਨ੍ਹਾਂ ਨੂੰ ਅੰਤਾਂ ਦਾ ਪ੍ਰੇਮ ਹੈ ਅਤੇ ਉਹ ਉਰਦੂ ਤੇ ਪੰਜਾਬੀ ਦੋਹਾਂ ਜ਼ਬਾਨਾਂ ਵਿਚ ਹੀ ਲਿਖਦੇ ਤੇ ਪੜ੍ਹਦੇ ਹਨ। ਉਹ ਸ਼ਾਹਮੁਖੀ ਤੇ ਗੁਰਮੁਖੀ ਦੋਹਾਂ ਹੀ ਲਿਪੀਆਂ ਵਿਚ ਲਿਖਣ/ਪੜ੍ਹਨ ਦੇ ਮਾਹਿਰ ਹਨ ਅਤੇ ਹੁਣ ਤੀਕ ਉਹ 50 ਤੋਂ ਵਧੇਰੇ ਪੁਸਤਕਾਂ ਦਾ ਗੁਰਮੁਖੀ ਤੋਂ ਸ਼ਾਹਮੁਖੀ ਅਤੇ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਉਲੱਥਾ ਕਰ ਚੁੱਕੇ ਹਨ। ਉਨ੍ਹਾਂ ਦਾ ਇਹ ਸ਼ੌਕ ਜਨੂੰਨ ਦੀ ਹੱਦ ਤੱਕ ਹੈ ਅਤੇ ਉਹ ਹਰ ਵੇਲੇ ਕਿਸੇ ਨਾ ਕਿਸੇ ਕਿਤਾਬ ਨੂੰ ਇੱਕ ਤੋਂ ਦੂਸਰੀ ਲਿਪੀ ਵਿਚ ਬਦਲਣ ਵਿਚ ਮਸਰੂਫ਼ ਰਹਿੰਦੇ ਹਨ। ਇਨ੍ਹਾਂ ਗਰਮੀਆਂ ਵਿਚ ਜਦੋਂ ਉਹ ਬਲਦੇਵ ਸਿੰਘ ਸੜਕਨਾਮਾ ਦੀ ਗਿਆਨੀ ਗੁਰਦਿੱਤ ਸਿੰਘ ਬਾਰੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖੀ ਗਈ ਪੁਸਤਕ 'ਅਜੋਕੇ ਭਾਰਤੀ ਇਤਿਹਾਸ ਦੇ ਉਸਰੱਈਏ : ਗਿਆਨੀ ਗੁਰਦਿੱਤ ਸਿੰਘ' (Maker of Modern Indian Literature : Giani Gurdit Singh) ਨੂੰ ਗੁਰਮੁਖੀ ਤੋਂ ਸ਼ਾਹਮੁਖੀ ਵਿਚ ਕਰ ਰਹੇ ਸਨ ਤਾਂ ਇਸ ਪੁਸਤਕ ਵਿਚ ਬਲਦੇਵ ਸਿੰਘ ਵੱਲੋਂ ਵਰਤੇ ਗਏ ਕਈ ਟਕਸਾਲੀ ਸ਼ਬਦ ਸਮਝਣ ਵਿਚ ਉਨ੍ਹਾਂ ਨੂੰ ਮੁਸ਼ਕਲ ਪੇਸ਼ ਆ ਰਹੀ ਸੀ। ਸਾਡੀ ਇਕ ਮੁਲਾਕਾਤ ਵਿਚ ਉਨ੍ਹਾਂ ਆਪਣੀ ਇਹ ਸਮੱਸਿਆ ਮੇਰੇ ਨਾਲ ਸਾਂਝੀ ਕੀਤੀ ਤਾਂ ਜਦੋਂ ਮੈਂ ਇਨ੍ਹਾਂ ਸ਼ਬਦਾਂ ਦੇ ਭਾਵ-ਅਰਥ ਉਨ੍ਹਾਂ ਨੂੰ ਦੱਸੇ ਤਾਂ ਉਹ ਬੜੇ ਖ਼ੁਸ਼ ਹੋਏ। ਕਹਿਣ ਲੱਗੇ, "ਇਹ ਤਾਂ ਬਹੁਤ ਹੀ ਚੰਗਾ ਹੋਇਆ। ਹੁਣ ਅੱਗੋਂ ਮੈਨੂੰ ਜਦੋਂ ਵੀ ਅਜਿਹੀ ਕੋਈ ਸਮੱਸਿਆ ਆਏਗੀ ਤਾਂ ਮੈਂ ਤੁਹਾਨੂੰ ਫ਼ੋਨ ਕਰਕੇ ਪੁੱਛ ਲਿਆ ਕਰਾਂਗਾ।" ਮੇਰੇ ਲਈ ਇਸ ਤੋਂ ਵਧੇਰੇ ਖ਼ੁਸ਼ੀ ਵਾਲੀ ਕਿਹੜੀ ਗੱਲ ਹੋ ਸਕਦੀ ਸੀ। ਇਸ ਤਰ੍ਹਾਂ ਫ਼ੋਨ 'ਤੇ ਵੀ ਸਾਡੀਆਂ ਅਜਿਹੀਆਂ ਕਈ ਮੁਲਾਕਾਤਾਂ ਹੁੰਦੀਆਂ ਰਹੀਆਂ। ਗਿਆਨੀ ਗੁਰਦਿੱਤ ਸਿੰਘ ਹੁਰਾਂ ਬਾਰੇ ਵਧੇਰੇ ਜਾਣਕਾਰੀ ਲਈ ਜਦੋਂ ਮੈਂ ਉਨ੍ਹਾਂ ਨੂੰ ਆਪਣੀ ਨਿੱਜੀ ਲਾਇਬ੍ਰੇਰੀ ਵਿੱਚੋਂ ਗਿਆਨੀ ਜੀ ਦੀ ਵੱਡਮੁੱਲੀ ਕਿਤਾਬ 'ਮੇਰਾ ਪਿੰਡ' ਦਿੱਤੀ ਤਾਂ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ ਅਤੇ ਉਨ੍ਹਾਂ ਨੇ ਇਹ ਪੁਸਤਕ ਸਾਰੀ ਪੜ੍ਹ ਕੇ ਮੈਨੂੰ ਵਾਪਸ ਕੀਤੀ।

ਇਸ ਸਾਲ ਫ਼ਰਵਰੀ ਮਹੀਨੇ ਦੌਰਾਨ ਮੇਰਾ, ਸ਼੍ਰੀਮਤੀ ਜਗਦੀਸ਼ ਕੌਰ ਝੰਡ, ਛੋਟੀ ਭੈਣ ਗੁਰਚਰਨ ਥਿੰਦ ਅਤੇ ਉਸ ਦੇ ਪਤੀਦੇਵ ਡਾ. ਸੁਖਵਿੰਦਰ ਸਿੰਘ ਥਿੰਦ ਦਾ ਲਹਿੰਦੇ ਪੰਜਾਬ ਦੀ ਦੋ ਹਫ਼ਤਿਆਂ ਦੀ ਯਾਤਰਾ ਦਾ ਪ੍ਰੋਗਰਾਮ ਬਣ ਗਿਆ। ਸਾਡਾ ਇਹ ਟੂਰ-ਪ੍ਰੋਗਰਾਮ 'ਪੰਜਾਬੀ ਪ੍ਰਚਾਰ ਟੀ.ਵੀ.' ਦੇ ਸੰਚਾਲਕ ਦੋਸਤ ਅਹਿਮਦ ਰਜ਼ਾ ਵੱਲੋਂ ਸਪਾਂਸਰ ਕੀਤਾ ਗਿਆ। ਇਨ੍ਹਾਂ ਦੋ ਹਫ਼ਤਿਆਂ ਦੌਰਾਨ ਅਸੀਂ ਲਾਹੌਰ, ਕਸੂਰ, ਫ਼ੈਸਲਾਬਾਦ, ਇਸਲਾਮਾਬਾਦ, ਰਾਵਲਪਿੰਡੀ, ਪੁਰਾਤਨ ਤਕਸ਼ਿਲਾ ਯੂਨੀਵਰਸਿਟੀ ਦੇ ਖੰਡਰ, ਨਨਕਾਣਾ ਸਾਹਿਬ, ਪੰਜਾ ਸਾਹਿਬ, ਸੱਚਾ ਸੌਦਾ ਸਾਹਿਬ, ਕਰਤਾਰਪੁਰ ਸਾਹਿਬ, ਹਸਨ ਅਬਦਾਲ, ਫ਼ਰੁਕਾਬਾਦ, ਆਦਿ ਸ਼ਹਿਰਾਂ ਦੇ ਨਾਲ ਨਾਲ ਆਪਣੇ ਜੱਦੀ ਪਿੰਡ ਚੱਕ ਨੰਬਰ 202 (ਗੱਟੀ ਤਲਾਵਾਂ), ਬਸਤੀ ਦਾਨਿਸ਼ਮੰਦਾਂ ਅਤੇ ਪਡਿਆਲ ਪਿੰਡਾਂ ਵਿਚ ਵੀ ਗਏ। ਬਹੁਤ ਹੀ ਜਾਣਕਾਰੀ ਭਰਪੂਰ ਅਤੇ ਅਨੰਦਦਾਇਕ ਰਿਹਾ, ਸਾਡਾ ਇਹ ਇਤਿਹਾਸਕ ਟੂਰ। ਲਾਹੌਰ ਵਿਚ ਵਿਚਰਦਿਆਂ ਸਾਨੂੰ ਇੱਥੇ ਜਨਾਬ ਤਾਰਿਕ ਜਟਾਲਾ ਤੇ ਮੈਡਮ ਦੀਪ ਸਈਦਾ ਵਰਗੇ ਮੁਅੱਜ਼ਜ਼ ਮੇਜ਼ਬਾਨਾਂ ਵੱਲੋਂ ਕੀਤੀਆਂ ਗਈਆਂ ਦਾਅਵਤਾਂ ਵਿਚ ਸ਼ਿਰਕਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਅਜਿਹੀ ਹੀ ਇਕ ਦਾਅਵਤ ਵਿਚ ਅਸੀਂ ਪ੍ਰੋ.ਆਸ਼ਿਕ ਰਹੀਲ ਹੁਰਾਂ ਦੇ ਵੀ ਮਹਿਮਾਨ ਬਣੇ। ਰਾਤ ਦੇ ਖਾਣੇ ਦੀ ਦਾਅਵਤ ਸੀ। ਦਾਅਵਤ ਕਾਹਦੀ ਸੀ, ਇਹ ਤਾਂ ਇੱਕ ਵੱਡਾ ਅਦਬੀ ਸਮਾਗ਼ਮ ਸੀ। ਪ੍ਰੋ. ਸਾਹਿਬ ਨੇ ਆਪਣੇ ਘਰ ਵਿਚ 30-35 ਅਦਬੀ ਸ਼ਖ਼ਸੀਅਤਾਂ ਨੂੰ ਬੁਲਾਇਆ ਹੋਇਆ ਸੀ। ਦੋ-ਢਾਈ ਘੰਟੇ ਚੱਲੇ ਇਸ ਕਵੀ-ਦਰਬਾਰ (ਮੁਸ਼ਾਇਰੇ) ਵਿਚ ਜਨਾਬ ਇਕਬਾਲ ਰਾਹੀ, ਮਿਰਾਜ ਦੀਨ ਡੋਗਰ, ਖ਼ਾਲਿਦ ਮਹਿਮੂਦ ਅਸ਼ਫ਼ਤਾ, ਅੱਬਾਸ ਮਿਰਜ਼ਾ, ਮਜ਼ਹਰ ਉਲਾਹ ਕੁਰੈਸ਼ੀ, ਮੁਨਾਜ਼ਾ ਸਹਿਰ, ਆਦਿਲ ਨਿਨਹਾਸ ਲਾਹੌਰੀ, ਰਾਸ਼ਿਦ ਲਾਹੌਰੀ, ਨਵੀਦ ਕੁਆਲੰਦਰੀ, ਅਹਿਮਦ ਰਜ਼ਾ ਪੰਜਾਬੀ, ਯਾਸੀਨ ਰਜ਼ਾ, ਆਬਿਦ ਨਾਬਿਲ ਸ਼ਾਦ, ਸੁਲਤਾਨ ਖ਼ੈਰਵੀ, ਅਫ਼ਜ਼ਲ ਮਿਰਜ਼ਾ, ਪ੍ਰੋ. ਕਲਿਆਣ ਸਿੰਘ ਕਲਿਆਣ, ਰਾਣਾ ਅਜ਼ਹਰ ਫਿਰੋਜ਼, ਡਾ. ਤੁਬੱਸਮ ਵਰਗੇ ਅਜ਼ੀਮ ਸ਼ਾਇਰਾਂ ਨੂੰ ਸੁਣਨ ਅਤੇ ਆਪਣੀ ਵੀ ਕਹਿਣ ਦਾ ਬੇਹਤਰੀਨ ਮੌਕਾ ਮਿਲਿਆ। ਮੇਰੇ ਲਈ ਇਹ ਖ਼ੁਦਾ ਵੱਲੋਂ ਭੇਜੇ ਗਏ ਕਿਸੇ ਅਨਮੋਲ ਤੋਹਫ਼ੇ ਤੋਂ ਘੱਟ ਨਹੀਂ ਸੀ। ਇਸ ਨਵੰਬਰ ਮਹੀਨੇ ਵਿਚ ਹੀ ਪ੍ਰੋ. ਆਸ਼ਿਕ ਰਹੀਲ ਲਾਹੌਰ ਵਾਪਸ ਗਏ ਹਨ। ਉਨ੍ਹਾਂ ਨੂੰ ਮੈਂ ਲਹਿੰਦੇ ਪੰਜਾਬ ਦੀਆਂ ਆਪਣੀਆਂ ਯਾਦਾਂ ਆਪਣੇ ਦੋਸਤਾਂ ਦੇ ਨਾਲ ਸਾਂਝੀਆਂ ਕਰਨ ਲਈ ਕਿਹਾ ਹੈ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਉਹ ਮੇਰਾ ਇਹ ਕੰਮ ਜ਼ਰੂਰ ਕਰਨਗੇ। ਇਨਸ਼ਾ ਅੱਲਾ! ਉਨ੍ਹਾਂ ਦੀ ਲਾਹੌਰ ਦੀ ਇਹ ਫੇਰੀ ਕਾਮਯਾਬ ਰਹੇ ਅਤੇ ਅਗਲੇ ਸਾਲ ਗਰਮੀਆਂ ਵਿਚ ਉਹ ਫਿਰ ਬਰੈਂਪਟਨ ਆਪਣੇ ਬੇਟਿਆਂ ਕੋਲ ਆਉਣ ਅਤੇ ਉਨ੍ਹਾਂ ਨਾਲ ਮੁੜ ਤਾਜ਼ੀ ਮੁਲਾਕਾਤ ਹੋਵੇ।

– ਡਾ. ਸੁਖਦੇਵ ਸਿੰਘ ਝੰਡ

## .ਗ਼ਜ਼ਲ

ਤੇਰੇ ਕੰਡੇ ਸਾਨੂੰ ਸੱਜਣਾ ਗੁਲਾਬ ਲੱਗਦੇ।
ਸਾਰੇ ਗ਼ਮ ਮੈਨੂੰ ਖ਼ੁਸ਼ੀਆਂ ਦੀ ਦਾਬ ਲੱਗਦੇ।
ਝੱਖੜ, ਤੂਫ਼ਾਨ ਵੀ ਤਾਂ ਜ਼ਿੰਦਗੀ 'ਚ ਆਉਂਦੇ,
ਕਦੇ ਆਖਿਆ ਨਾ ਤੈਨੂੰ ਬੇਹਿਸਾਬ ਲੱਗਦੇ।
ਗ਼ਮਾਂ 'ਚ ਲਪੇਟੀ ਯਾਦ ਦਿਲ ਵਿੱਚ ਰਹਿਣ ਦੇ,
ਰਾਤਾਂ ਨੂੰ ਜਗਾਉਂਦੇ ਚੰਗੇ ਖਾਬ ਲੱਗਦੇ।
ਕੀ ਜ਼ਿੰਦਗੀ ਤੇ ਰੋਸਾ ਨਈਂ ਕੱਲ ਦਾ ਭਰੋਸਾ,
ਏਹੀ ਕਹਿਣ ਨੂੰ ਤੁਸੀਂ ਵੀ ਬੇਤਾਬ ਲੱਗਦੇ।
ਢਾਈ ਅੱਖਰ ਨਾ ਪੜ੍ਹ ਹੋਏ ਸਾਰੀ ਜ਼ਿੰਦਗੀ,
ਉਹ ਵੀ ਪੜੇ ਨਾ ਇਸ਼ਕ ਦੀ ਕਿਤਾਬ ਲੱਗਦੇ।
ਖ਼ਿਆਲ ਉਡਾਰੀ ਵਿੱਚ ਗੱਲ ਕੋਈ ਨਿਆਰੀ,
ਬੋਲ ਉੱਡਦੇ ਹਵਾ 'ਚ ਸੁਰਖਾਬ ਲੱਗਦੇ।
ਜਦੋਂ ਤੁਰਦੇ ਤਾਂ ਨਾਲ ਹੀ ਤੁਰਦਾ ਜ਼ਮਾਨਾ,
ਰੋਅਬ ਘੱਟ 'ਨੀ ਕਿਸੇ ਤੋਂ ਨਵਾਬ ਲੱਗਦੇ।
ਪੀੜ ਪੁਰਾਣੀ ਕੋਈ ਸਾਂਭੀ ਹੋਈ ਦਿਲ ਵਿੱਚ,
ਰੁਸਵਾ ਹੋਈ ਓਲਫ਼ਤ ਦੇ ਜ਼ਨਾਬ ਲੱਗਦੇ।
ਪਾਣੀ ਦੀਆਂ ਛੱਲਾਂ 'ਨਾ ਹੁੰਦੀਆਂ ਗੱਲਾਂ ਜਦੋਂ,
ਸੁੱਚੇ ਮੋਤੀਆਂ ਵਾਂਙ ਉਹ ਹਬਾਬ ਲੱਗਦੇ।



**- ਸੁਲੱਖਣ ਮਹਿਮੀ**, +647-786-6329

## ਪਰਵਾਸੀ ਨਾਮਾ

### ਨਵਾਂ ਸਾਲ

ਕੰਮਾਂ ਉਤੇ ਜਾਣ ਸਾਰੇ, ਰੱਜ ਰੋਟੀ ਖਾਣ ਸਾਰੇ,
ਰਲ ਮਿਲ ਬਹਿਣ ਸਾਰੇ, ਨਾਲੇ ਤੈਨੂੰ ਕਹਿਣ ਸਾਰੇ,
ਹੋਰਾਂ ਦੀ ਤਰੱਕੀ ਤੇ ਨਾ ਭੁੱਲ ਕੇ ਵੀ ਕੋਈ ਸੜੇ,
ਸ਼ਾਲ੍ਹਾ ਰੱਬਾ ਐਤਕੀਂ ਦਾ ਇਹੋ ਜਿਹਾ ਸਾਲ ਚੜ੍ਹੇ।
ਦੁੱਖੀਆਂ ਦੇ ਦੁੱਖ ਹਰੀਂ, ਸਭਨਾਂ ਦੀ ਝੋਲੀ ਭਰੀਂ,
ਅੰਧਕਾਰ ਦੂਰ ਹੋ ਜੇ, ਜਗ ਨੂਰੋ-ਨੂਰ ਹੋ ਜੇ,
ਵਿਦਿਆ ਦਾ ਪਾਠ ਬਾਬਾ, ਛੋਟਾ ਵੱਡਾ ਹਰ ਪੜ੍ਹੇ,
ਸ਼ਾਲ੍ਹਾ ਰੱਬਾ ਐਤਕੀਂ ਦਾ ਇਹੋ ਜਿਹਾ ਸਾਲ ਚੜ੍ਹੇ।
ਟਿਕਾਣੇ ਉਤੇ ਮੱਤ ਰੱਖੀਂ, ਮਿਹਰਾਂ ਵਾਲਾ ਹੱਥ ਰੱਖੀਂ,
ਕਾਇਮ ਸਦਾ ਰੁੱਖ ਰਹਿਣ, ਆਉਂਦੇ ਜਾਂਦੇ ਪੰਛੀ ਬਹਿਣ,
ਕੁਹਾੜੀ ਤਾਂਈਂ ਹੱਥ ਪਾ ਕੇ, ਲਾਲਚਾਂ ਦੇ ਵਿੱਚ ਆ ਕੇ,
ਸਕੀਮਾਂ ਨਾ ਸ਼ਿਕਾਰੀ ਘੜੇ,
ਸ਼ਾਲ੍ਹਾ ਰੱਬਾ ਐਤਕੀਂ ਦਾ ਇਹੋ ਜਿਹਾ ਸਾਲ ਚੜ੍ਹੇ।
ਟੁਰੇ ਪ੍ਰਦੇਸਾਂ ਨੂੰ ਜੋ, ਛੱਡ ਗਏ ਨੇ ਦੇਸਾਂ ਨੂੰ ਜੋ,
ਪਿੰਡਾਂ ਦਾ ਲਵਾਂਵੀਂ ਗੇੜ੍ਹਾ, ਉਡੀਕਦਾ ਹੈ ਸੁੰਨਾ ਵਿਹੜਾ,
ਠੰਡ 'ਬਲਵਿੰਦਰ' ਦੇ ਫੇਰ ਸੀਨੇ ਵਿੱਚ ਵੜ੍ਹੇ,
ਸ਼ਾਲ੍ਹਾ ਰੱਬਾ ਐਤਕੀਂ ਦਾ ਇਹੋ ਜਿਹਾ ਸਾਲ ਚੜ੍ਹੇ।



**ਗਿੱਲ ਬਲਵਿੰਦਰ**
CANADA +1.416.558.5530
(gillbs1@hotmail.com)


## Suitable Match

Canadian Citizen, legally divorced, Hindu Punjabi, h'some/41/5'11'. Seeking educated and homely girl between 27- 35 from Canada/ US/ India, caste no bar, (Whatsapp) : + 1 647-323-5428, Email: nehaaggarwal2028@gmail.com

## Suitable Match

Sikh Ramgarhia well settled family in canada looking for a suitable match for their 32 year old son, doing business in ontario and winnipeg. Canadian citizen,5-10, Education:Real Estate Program ,Property Management program, Mortgage sales representative program.Active in real estate and financing business. Cast no bar and family Oriented.Call at 204-510-7658 or 437-881-7282.

## ਵਿਆਹ ਸੰਬਧੀ ਇਸ਼ਤਿਹਾਰ

ਕੈਨੇਡੀਅਨ ਮਹਿਲਾ ਨਾਗਰਿਕ, ਉਮਰ 60 ਸਾਲ, ਸਿੱਖ ਪਰਿਵਾਰ ਨਾਲ ਸਬੰਧਤ, ਨੂੰ ਜੀਵਨ ਸਾਥੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ 365-378-0224 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਕੈਨੇਡੀਅਨ ਨਾਗਰਿਕ ਨੂੰ ਪਹਿਲ ਦਿੱਤੀ ਜਾਵੇਗੀ ਜਾਂ ਫਿਰ ਓਨਟਾਰੀਓ ਦਾ ਨਿਵਾਸੀ ਹੋਵੇ।

## Name Change


I, EKJOT SINGH CHUMBER, son of GURPREET SINGH CHUMBER, holder of Indian Passport No P9111079, issued at CHANDIGARH, on 21/04/2017, permanent resident of #H. NO. 668-I, BHAI RANDHIR SINGH NAGAR, LUDHIANA, PIN: 141012, PUNJAB (full address in India) and presently residing at 108 DAIRYMAID RD, BRAMPTON, ON, L6X 5R9 (full address in Canada) do hereby change my name from EKJOT SINGH CHUMBER to EKJOT SINGH DHILLON with immediate effect.


VIRSA
Virsa
Fine Indian Restaurant
Niagara Falls
ਘੁੰਮਣ ਜਾ ਰਹੇ ਹੋ?



Indian Food
D.Kang 289 296 5001
info@virsaniagarafalls.com || www.virsanf.com
5677 Victoria Ave, Niagara Falls, ON, L2G 3L5

NOW HIRING
AUTO BODY TECHNICIANS & ESTIMATORS
Come Join us for our Recruitment Job Fair!
Managers will be onsite to hire on the spot to qualified candidates
When: February 11, 2023
10:00 am to 2:00 pm
Where: Assured Automotive
1188 Caledonia Road,
Toronto, ON M6A 2W5





Call: 289-971-7443
pankaj.verma@assuredauto.ca
WE HIRE FOREIGN WORKERS COMPLIANTLY
Assured
COLLISION REPAIR PROFESSIONALS

RAVI GULATI LAW OFFICE
Monday to Friday 10:00am - 8:00pm
Saturday and Sunday with Appointments
Appointments can be booked online
www.notaryhelp.ca

- ਘਰਾਂ ਦੀ ਕਲੋਜ਼ਿੰਗ
- ਐਫੀਡੇਵਿਟ
- ਡੇਕਲੇਰੇਸ਼ਨ/ਸਪੌਂਸਰ ਲੈਟਰ
- ਲੈਟਰ ਆਫ਼ ਇੰਵੀਟੇਸ਼ਨ
- ਕਨਸੈਂਟ ਟੂ ਟ੍ਰੈਵਲ ਲੈਟਰ
- ਸਰਟੀਫੀਕੇਟ ਆਫ਼ ਟਰੂ ਕਾਪੀਜ਼
- ਨੋਟੈਰਾਈਜ਼ੇਸ਼ਨ ਆਫ਼ ਡਾਕੂਮੈਂਟ
- ਮੁੱਖਤਿਆਰ ਨਾਮਾ
- Real Estate
- Affidavits
- Declaration Letters
- Sponsorship Letters
- Letter of Invitation
- Consent to Travel
- Certification of True Copies
- Notarization of Documents
- Power of Attorney
- Independent Legal Advise (ILA)

7916 Hurontario St. Unit #28, Brampton, ON
Tel: 905-232-8700
Fax: 905-232-8701



RAVINDER PAL SINGH GULATI
BARRISTER • SOLICITOR • NOTARY

PARVINDER SAUND
Barrister & Solicitor
SAUND LAW FIRM
Barrister, Solicitor & Notary Public



CRIMINAL AND IMMIGRATION LAWYER
CRIMINAL CHARGES
Assault, Theft, Bail Hearings, Sexual Assault, Drug & Weapons offences, Drunk Driving, etc.
IMMIGRATION
All appeals, Spousal/Parents Sponsorships, Express Entry, Business Application, Detention/Addmissibility Hearings, Work Permits, Student Permits, etc.
Parvinder S. Saund
M.A., LL.B.
7050, Bramalea Road, Unit 14
Mississauga, ON L5S 1T1
(Corner of Derry & Bramalea)
email: mail@saundlaw.com
www.Saundlaw.com
Tel: 905.672.7272
All kinds of affidavits, Power of Attorneys, Declarations & Notary Public Services

85 ਸਾਲ ਤੱਕ ਦੇ ਬਜ਼ੁਰਗਾਂ ਲਈ ਬਿਨਾਂ ਮੈਡੀਕਲ ਟੈਸਟ ਦੇ ਲਾਈਫ ਇੰਸ਼ੋਰੈਂਸ
ਸ਼ੂਗਰ, ਬਲੱਡ ਪ੍ਰੈਸ਼ਰ, ਕਲਸਟ੍ਰੋਲ, ਹਟਰ ਅਟੈਕ, ਕੈਂਸਰ ਸਟਰੋਕ ਜਾਂ ਇੰਸ਼ੋਰੈਂਸ ਕੰਪਨੀਆਂ ਵਲੋਂ ਰਫਿਊਜ਼
ਕੋਈ ਸਮੱਸਿਆ ਨਹੀਂ * conditions apply
LIFE INSURANCE
Mortgage/Line of credit Insurance
Q: Do you have Mortgage/ Line of Credit Insurance with BANK?
A: Compare and save upto 50% LOWEST RATE GUARANTEED

MONTHLY PREMIUMS TERM10(R&C) PREFERRED PLUS NON-SMOKER WITH MEDICAL TEST- RATES ARE SUBJECT TO CHANGE

| AGE | $250,000 Male & Female | | $500,000 Male & Female | | $1,000,000 Male & Female | |
|---|---|---|---|---|---|---|
| 30 years | $12.00 | $7.00 | $18.00 | $10.00 | $32.00 | $19.00 |
| 40 years | $13.00 | $8.00 | $22.00 | $14.00 | $36.00 | $26.00 |
| 50 years | $30.00 | $18.00 | $50.00 | $31.00 | $95.00 | $60.00 |
| 60 years | $85.00 | $56.00 | $146.00 | $103.00 | $271.00 | $190.00 |

416-320-4614
E-mail: davindersinghfhl@gmail.com
www.financialhutltd.co
Toll: 1-866-623-0865
SUPER VISA INSURANCE
Call for Honest Advice



Davinder Singh Chawla
Guaranteed Money Back
- Life Insurance
- Critical Illness Insurance
- Disability Insurance

RESP
- Govt. grants up to $9200 Education Bonus 15%
- Highly Felxible Plans


Super Visa Insurance
- Lowest Premiums Guaranteed
- 45% Discount with deductable

Corporation Owned Life CI
- Key Pension
- Buy Sell Agreement

## ਇਮਰੋਜ਼ ਦੇ ਸਦੀਵੀ ਵਿਛੋੜੇ ’ਤੇ

# ਅੰਮ੍ਰਿਤਾ ਤੇ ਇਮਰੋਜ਼ ਦੀ ਇਕ ਅਭੁੱਲ ਯਾਦ

ਕਲਾਕਾਰ ਇਮਰੋਜ਼ 97 ਸਾਲ ਦੀ ਉਮਰੇ ਸਦੀਵੀ ਵਿਛੋੜਾ ਦੇ ਗਿਆ। ਉਸ ਦਾ ਅਸਲੀ ਨਾਂ ਇੰਦਰਜੀਤ ਸਿੰਘ ਸੀ। ਉਹ ਜ਼ਿਲ੍ਹਾ ਲਾਇਲਪੁਰ ਦੇ ਚੱਕ 36 ਦਾ ਜੰਮਪਲ ਸੀ ਤੇ ਗੁੱਜਰਾਂਵਾਲੇ ਦੀ ਜੰਮੀ ਅੰਮ੍ਰਿਤਾ ਤੋਂ ਸੱਤ ਸਾਲ ਛੋਟਾ ਸੀ। ਅੰਮ੍ਰਿਤਾ ਪ੍ਰੀਤਮ ਤੇ ਜਸਵੰਤ ਸਿੰਘ ਕੰਵਲ ਜਲ੍ਹਿਆਂਵਾਲੇ ਬਾਗ ਦੇ ਸਾਕੇ ਵਾਲੇ ਸਾਲ 1919 ’ਚ ਜਨਮੇ ਸਨ। ਮੈਂ ਨਾਵਲ ਪੂਰਨਮਾਸ਼ੀ ਪੜ੍ਹ ਕੇ 1958 ਤੋਂ ਕੰਵਲ ਦਾ ਮੁਰੀਦ ਬਣ ਗਿਆ ਸਾਂ। ਅੰਮ੍ਰਿਤਾ ਪ੍ਰੀਤਮ ਨੇ ਪੂਰਨਮਾਸ਼ੀ ਦੇ ਮੁੱਢ ਵਿਚ ਨਾਵਲ ਦੀ ਤਾਰੀਫ਼ ਕਰਦਿਆਂ ਕੰਵਲ ਨੂੰ ਸਲਾਹਿਆ ਸੀ ਜਿਸ ਕਰਕੇ ਮੈਂ ਅੰਮ੍ਰਿਤਾ ਪ੍ਰੀਤਮ ਦੀਆਂ ਲਿਖਤਾਂ ਵੀ ਪੜ੍ਹਨ ਲੱਗ ਪਿਆ ਸਾਂ। ਉਹਦੀ ਕਵਿਤਾ ਅੱਜ ਆਖਾਂ ਵਾਰਸ ਸ਼ਾਹ ਨੂੰ ਮੈਨੂੰ ਮੂੰਹ ਜ਼ਬਾਨੀ ਯਾਦ ਸੀ। ਕੰਵਲ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਟੂਕਾਂ ਮੈਂ ਡਾਇਰੀ ਵਿਚ ਨੋਟ ਕਰਦਾ ਰਹਿੰਦਾ। 1962 ’ਚ ਜਦੋਂ ਮੈਂ ਦਿੱਲੀ ਦੇ ਖਾਲਸਾ ਕਾਲਜ ਤੋਂ ਪੰਜਾਬੀ ਦੀ ਐਮ ਏ ਕਰਨ ਲੱਗਾ ਤਾਂ ਮੈਨੂੰ ਅੰਮ੍ਰਿਤਾ/ਇਮਰੋਜ਼ ਹੋਰਾਂ ਨੂੰ ਵੇਖਣ ਦੇ ਮੌਕੇ ਵੀ ਮਿਲਣ ਲੱਗੇ। ਮੈਂ 1967 ਤਕ ਦਿੱਲੀ ਰਿਹਾ ਜਿਥੇ ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਨੂੰ ਮਿਲਣ ਗਿਲਣ ਦੇ ਸਬੱਬ ਬਣਦੇ ਰਹੇ ਅਤੇ ਮੈਂ ਵੀ ਲੇਖਕ ਬਣਨ ਦੇ ਰਾਹ ਪੈ ਗਿਆ।



ਦਿੱਲੀ ਦੀਆਂ ਯਾਦਾਂ ਤਾਂ ਬਹੁਤ ਹਨ ਪਰ ਇਥੇ ਇਮਰੋਜ਼ ਦੀ ਇਕੋ ਯਾਦ ਦੀ ਗੱਲ ਕਰਦਾ ਹਾਂ। ਇਹ ਗੱਲ 1966-67 ਦੀ ਹੈ। ਮੈਂ ਕਾਵਿਮਈ ਵਾਰਤਕ ਸ਼ੈਲੀ ’ਚ ਲਿਖੀ ਕਹਾਣੀ ਉਡਦੀ ਧੂੜ ਦਿਸੇ ਆਪਣੇ ਜਾਣੂੰ ਬਲਵੰਤ ਗਾਰਗੀ ਨੂੰ ਸੁਣਾਉਣ ਲਈ ਉਸ ਨੂੰ ਫੋਨ ਕੀਤਾ। ਉਸ ਨੇ ਕਿਹਾ, “ਇੰਡੀਅਨ ਕਾਫੀ ਹਾਊਸ ਆ ਜਾ, ਮੈਂ ਵੀ ਓਥੇ ਆ ਜਾਂਨਾ।” ਉਹਦਾ ਟਿਕਾਣਾ ਕਾਫੀ ਹਾਊਸ ਦੇ ਨੇੜੇ ਹੀ ਸੀ। ਇਕ ਖੂੰਜੇ ਵੱਖਰੇ ਬਹਿ ਕੇ ਮੈਂ ਗਾਰਗੀ ਨੂੰ ਕਹਾਣੀ ਸੁਣਾਈ ਜੋ ਗੱਡੀਆਂ ਵਾਲੀ ਤੇ ਵਾਗੀ ਦੇ ਪਹਿਲੀ ਤੱਕਣੀ ਦੇ ਹੋਏ ਪਿਆਰ ਤੇ ਗੱਡੀਆਂ ਤੁਰ ਜਾਣ ਨਾਲ ਅਚਾਨਕ ਪਏ ਵਿਛੋੜੇ ਬਾਰੇ ਸੀ। ਉਹ ਮੈਂ ਕੰਵਲ ਦੀ ਟੂਕ ਗੱਡੀਆਂ ਵਾਲਿਆਂ ਨਾਲ ਯਰਾਨਾ ਕਾਹਦਾ, ਭਲਕੇ ਤੁਰ ਜਾਣਗੇ ਤੋਂ ਪ੍ਰਭਾਵਿਤ ਹੋ ਕੇ ਲਿਖੀ ਸੀ॥ ਗਾਰਗੀ ਨੇ ਕਹਾਣੀ ਦੀ ਰਸਮੀ ਸਲਾਹੁਤ ਕੀਤੀ ਤੇ ਨਾਲ ਹੀ ਮੱਤ ਵੀ ਦਿੱਤੀ, “ਗੱਡੀਆਂ ਵਾਲੀ ਤੇ ਵਾਗੀ ਨੇ ਇਕੋ ਗਲਾਸ ’ਚੋਂ ਘੁੱਟਾਂ-ਬਾਟੀ ਚਾਹ ਤਾਂ ਪੀ ਲਈ। ਸੁਆਦ ਵੀ ਆ ਗਿਆ। ਤੇਰਾ ਫਿਕਰਾ, ਚਾਹ ਮੁੱਕਦੀ ਗਈ ਪਿਆਰ ਵਧਦਾ ਗਿਆ ਬਿਲਕੁਲ ਠੀਕ ਐ। ਪਰ ਕਹਾਣੀ ਪੜ੍ਹਨ ਵਾਲੀ ਤਦ ਬਣੂੰ ਜੇ ਉਹਨਾਂ ਤੋਂ ਕੁਛ ਕਲੋਲਾਂ ਵੀ ਕਰਾਵੇਂ!” ਅਸਲ ਵਿਚ ਗਾਰਗੀ ਖ਼ੁਦ ਕਲੋਲਾਂ ਕਰਨ ਕਰਾਉਣ ਵਾਲਾ ਲੇਖਕ ਸੀ। ਪਰ ਮੈਨੂੰ ਅਜਿਹਾ ਕਰਨ ਤੋਂ ਸੰਗ ਆਉਂਦੀ ਸੀ ਬਈ ਪਾਠਕ ਕੀ ਕਹਿਣਗੇ? ਇਸ ਲਈ ਮੈਂ ਗਾਰਗੀ ਵਾਂਗ ਆਪਣੀਆਂ ਲਿਖਤਾਂ ’ਚ ਕਲੋਲਾਂ ਤੇ ਚੋਹਲ ਮੋਹਲ ਕਰਨ ਕਰਾਉਣ ਤੋਂ ਬਚਿਆ ਹੀ ਰਿਹਾ। ਇਸੇ ਕਰਕੇ ਮੈਨੂੰ ਸਿੱਧਾ-ਸਾਦਾ, ਸਾਊ ਤੇ ਸ਼ਰਮਾਊ ਲੇਖਕ ਸਮਝਿਆ ਜਾਂਦਾ ਹੈ। ਉਂਜ ਕਲੋਲਾਂ-ਕਲਾਲਾਂ ਕੀਹਨੂੰ ਨਹੀਂ ਕਰਾਉਣੀਆਂ ਆਉਂਦੀਆਂ? ਕਈ ਤਾਂ ਖੱਟੀ ਹੀ ਕਲੋਲਾਂ ਦੀ ਖਾਂਦੇ ਹਨ ਤੇ ਬੜੇ ਵੱਡੇ ਅਵਾਰਡ ਮਾਠ ਜਾਂਦੇ ਹਨ। ਗਾਰਗੀ ਕਹਾਣੀ ਬਾਰੇ ਕੁਮੈਂਟ ਕਰ ਕੇ ਕਾਫੀ ਹਾਊਸ ’ਚੋਂ ਗਿਆ ਤਾਂ ਪੰਜਾਬੀ ਸਾਹਿਤ ਅਕਾਡਮੀ ਵਾਲੇ ਪ੍ਰੋ. ਪ੍ਰਮਿੰਦਰ ਸਿੰਘ ਦਾ ਭਰਾ ਦਲਜੀਤ ਸਿੰਘ ਆ ਗਿਆ। ਉਹ ਦਿੱਲੀ ’ਚ ਲੈਕਚਰਾਰ ਲੱਗਾ ਹੀ ਸੀ। ਅਸੀਂ ਗਾਰਗੀ ਦੀਆਂ ਗੱਲਾਂ ਕਰ ਰਹੇ ਸਾਂ ਕਿ ਆਲੋਚਕ ਅਤਰ ਸਿੰਘ ਤੇ ਕਹਾਣੀਕਾਰ ਜਸਟਿਸ ਮਹਿੰਦਰ ਸਿੰਘ ਜੋਸ਼ੀ ਹੋਰੀਂ ਆ ਗਏ। ਉਹ ਬੰਦੇ ਲੱਭਦੇ ਫਿਰਦੇ ਸਨ ਜਿਨ੍ਹਾਂ ਨੂੰ ਅੰਮ੍ਰਿਤਾ ਪ੍ਰੀਤਮ ਦੇ ਘਰ ਲਿਜਾਇਆ ਜਾ ਸਕੇ। ਅੰਮ੍ਰਿਤਾ ਦੇ ਘਰ ਅਚਾਨਕ ਉਜ਼ਬੇਕਸਤਾਨ ਦੇ ਲੇਖਕਾਂ ਦਾ ਡੈਲੀਗੇਸ਼ਨ ਆ ਰਿਹਾ ਸੀ ਜਿਨ੍ਹਾਂ ਦੀ ਆਉਭਗਤ ’ਚ ਕੁਝ ਪੜ੍ਹੇ ਲਿਖੇ ਬੰਦਿਆਂ ਨੂੰ ਸੱਦਣ ਦੀ ਲੋੜ ਪੈ ਗਈ ਸੀ।

ਜਸਟਿਸ ਜੋਸ਼ੀ ਦੀ ਕਾਰ ’ਚ ਅਸੀਂ ਚਾਰੇ ਜਣੇ ਬਹਿ ਗਏ ਤੇ ਅੰਮ੍ਰਿਤਾ ਦੇ ਘਰ ਕੇ-25 ਹੌਜ਼ ਖ਼ਾਸ ਚਲੇ ਗਏ। ਇਮਰੋਜ਼ ਨੇ ਖਾਣ ਪੀਣ ਦਾ ਪ੍ਰਬੰਧ ਪਹਿਲਾਂ ਹੀ ਕਰ ਰੱਖਿਆ ਸੀ। ਵੱਡੇ ਕਮਰੇ ’ਚ ਇਮਰੋਜ਼ ਦੀਆਂ ਕੁਝ ਪੇਟਿੰਗਾਂ ਸ਼ਿੰਗਾਰੀਆਂ ਹੋਈਆਂ ਸਨ ਜਿਨ੍ਹਾਂ ’ਚੋਂ ਕੁਝ ਅਰਧ ਨਗਨ ਸਨ। ਇਮਰੋਜ਼ ਮੈਨੂੰ ਆਪਣਾ ਬੰਦਾ ਸਮਝ ਕੇ ਪਾਸੇ ਲਿਜਾ ਕੇ ਕਹਿਣ ਲੱਗਾ, “ਉਜ਼ਬੇਕਸਤਾਨ ਦੇ ਡੈਲੀਗੇਸ਼ਨ ਵਿਚ ਪਰਦੇ ਵਾਲੀਆਂ ਮੁਸਲਮਾਨ ਲੇਖਕਾਵਾਂ ਵੀ ਹੋਣਗੀਆਂ। ਉਨ੍ਹਾਂ ਨੂੰ ਇਹ ਪੇਟਿੰਗਾਂ ਕਿਤੇ ਅਸ਼ਲੀਲ ਨਾ ਲੱਗਣ। ਕਿਤੇ ਮਾੜਾ ਪ੍ਰਭਾਵ ਨਾ ਪਵੇ। ਤੂੰ ਹੀ ਦੱਸ, ਇਹਨਾਂ ਨੂੰ ਢਕ ਦੇਈਏ ਜਾਂ ਪਾਸੇ ਕਰ ਦੇਈਏ?”

ਮੈਂ ਉਹਦੀ ਪਰੇਸ਼ਾਨੀ ’ਤੇ ਹੈਰਾਨ ਹੋਇਆ ਤੇ ਆਖਿਆ, “ਮੈਂ ਦੋਵੇਂ ਕੰਮ ਕਰ ਸਕਦਾਂ। ਜਿਵੇਂ ਆਖੋ ਕਰ ਦਿੰਨਾਂ।” ਅਸੀਂ ਅਜੇ ਦੁਚਿੱਤੀ ’ਚ ਸਾਂ ਕਿ ਡੈਲੀਗੇਸ਼ਨ ਘਰ ਦੇ ਦਰਵਾਜ਼ੇ ’ਤੇ ਗਿਆ।

ਅਸੀਂ ਉਸੇ ਵੇਲੇ ਬੂਹੇ ’ਤੇ ਗਏ ਤੇ ਉਨ੍ਹਾਂ ਦਾ ਖਿੜੇ ਮੱਥੇ ਸਵਾਗਤ ਕੀਤਾ। ਉਨ੍ਹਾਂ ’ਚ ਸੱਚਮੁੱਚ ਕਾਲੇ ਬੁਰਕਿਆਂ ਵਾਲੀਆਂ ਗੋਰੀਆਂ ਔਰਤਾਂ ਸਨ। ਸ਼ੁਕਰ ਕੀਤਾ ਕਿ ਉਨ੍ਹਾਂ ਦਾ ਪੇਟਿੰਗਾਂ ਵੱਲ ਧਿਆਨ ਹੀ ਨਾ ਗਿਆ। ਮਿਲਣ ਗਿਲਣ ਤੇ ਖਾਣ ਪੀਣ ਪਿੱਛੋਂ ਕਵਿਤਾਵਾਂ ਤੇ ਗੀਤਾਂ ਦਾ ਦੌਰ ਚੱਲ ਪਿਆ। ਸਮਝ ਭਾਵੇਂ ਨਹੀਂ ਵੀ ਆਉਂਦੀ ਸੀ ਪਰ ਤਾੜੀਆਂ ਜ਼ਰੂਰ ਮਾਰੇ ਰਹੇ। ਮੈਂ ਮਾਹੀਏ ਦੇ ਟੱਪੇ ਸੁਣਾ ਕੇ ਬੋਲੀ ਪਾਈ ਤਾਂ ਦਲਜੀਤ ਭੰਗੜਾ ਪਾਉਣਾ ਲੱਗ ਪਿਆ। ਹੌਲੀ ਹੌਲੀ ਸਾਰੇ ਜਣੇ ਉੱਠ ਖੜ੍ਹੇ ਹੋਏ। ਬੋਲੀਆਂ ਤੇ ਭੰਗੜੇ ਨਾਲ ਮਾਹੌਲ ਐਸਾ ਬਣ ਗਿਆ ਕਿ ਡੈਲੀਗੇਸ਼ਨ ਦੇ ਮੈਂਬਰ ਵੀ ਸਾਡੇ ਨਾਲ ਹੀ ਨੱਚਣ ਲੱਗ ਪਏ। ਮਹਿਫ਼ਲ ’ਚ ਅਨੰਦ ਹੀ ਅਨੰਦ ਤੇ ਖੇੜਾ ਹੀ ਖੇੜਾ ਸੀ। ਜਦੋਂ ਡੈਲੀਗੇਸ਼ਨ ਵਿਦਾ ਹੋ ਗਿਆ ਤਾਂ ਅੰਮ੍ਰਿਤਾ ਪ੍ਰੀਤਮ ਤੇ ਇਮਰੋਜ਼ ਨੇ ਸਾਡਾ ਉਚੇਚਾ ਧੰਨਵਾਦ ਕੀਤਾ ਕਿ ਆਹ ਤਾਂ ਤੁਸੀਂ ਰੰਗ ਭਾਗ ਹੀ ਲਾ ਦਿਤੇ! ਅੱਗੇ ਨੂੰ ਵੀ ਆਉਂਦੇ ਜਾਂਦੇ ਰਹਿਓ। ਪਰ ਆਉਣਾ ਜਾਣਾ ਸਾਡੇ ਕਰਮਾਂ ਵਿਚ ਨਹੀਂ ਸੀ।

1967 ’ਚ ਮੈਂ ਦਿੱਲੀ ਦੀ ਲੈਕਚਰਾਰੀ ਛੱਡ ਕੇ ਕੰਵਲ ਦੇ ਪਿੰਡ ਢੁੱਡੀਕੇ ਆ ਗਿਆ ਤੇ ਦਲਜੀਤ ਸਿੰਘ ਵੀ ਪੰਜਾਬੀ ਯੂਨੀਵਰਸਿਟੀ ਪਟਿਆਲੇ ਦਾ ਵਿਦਿਆਰਥੀ ਭਲਾਈ ਡਾਇਰੈਕਟਰ ਬਣ ਗਿਆ। ਮੁੜ ਕੇ ਮੇਰਾ ਕਦੇ ਅੰਮ੍ਰਿਤਾ ਜਾਂ ਇਮਰੋਜ਼ ਨਾਲ ਮੇਲ ਨਾ ਹੋ ਸਕਿਆ। ਉਂਜ ਉੱਦਣ ਇਮਰੋਜ਼ ਮੈਨੂੰ ਏਨਾ ਪਿਆਰਾ ਲੱਗਾ ਕਿ ਮਿਲਣ ਨੂੰ ਜੀਅ ਕਰਦਾ ਹੀ ਰਿਹਾ।

2005 ਵਿਚ ਅੰਮ੍ਰਿਤਾ ਪ੍ਰੀਤਮ ਦੀ ਸਦੀਵੀ ਅਲਵਿਦਾ ਮੈਂ ਤੈਨੂੰ ਫਿਰ ਮਿਲਾਂਗੀ ਕਹਿਣ ਤੋਂ ਬਾਅਦ 2007 ਵਿਚ ਜਦ ਮੇਰਾ ਸਫਰਨਾਮਾ ਫੇਰੀ ਵਤਨਾਂ ਦੀ ਛਪਿਆ। ਉਹ ਲਾਹੌਰ ਬੁੱਕ ਸ਼ਾਪ ਵਾਲਿਆਂ ਨੇ ਛਾਪਿਆ ਅਤੇ ਮੇਰੀ ਇੱਛਾ ਅਨੁਸਾਰ ਹਜ਼ਾਰ ਰੁਪਏ ਦੀ ਮਾਨ ਭੇਟਾ ਨਾਲ ਇਮਰੋਜ਼ ਤੋਂ ਉਹਦਾ ਟਾਈਟਲ ਡੀਜ਼ਾਈਨ ਕਰਵਾਇਆ ਜੋ ਮੇਰੀ ਅਭੁੱਲ ਯਾਦ ਬਣ ਗਿਆ। ਇਮਰੋਜ਼ ਭਾਵੇਂ ਅੰਮ੍ਰਿਤਾ ਨੂੰ ਮਿਲਣ ਲਈ ਸਦੀਵੀ ਤੌਰ ’ਤੇ ਤੁਰ ਗਿਐ ਪਰ ਉਹਦਾ ਡੀਜ਼ਾਈਨ ਕੀਤਾ ਕਿਤਾਬੀ ਟਾਈਟਲ ਮੈਨੂੰ ਤੇ ਮੇਰੇ ਪਾਠਕਾਂ ਨੂੰ ਉਹਦੀ ਯਾਦ ਤਾਜ਼ਾ ਕਰਾਉਂਦਾ ਰਹੇਗਾ!

**ਪ੍ਰਿੰ. ਸਰਵਣ ਸਿੰਘ**
principalsarwansingh@gmail.com

**NOW HIRING**

Cylindrical Grinding Machine Operator and General Labourer with some lathe machining experience.

Jane/Hwy 7
Fax Resume
905-738-8512
Call
905-738-7921

**CERTIFICATE TRANSLATION**

ਜਨਮ/ਮੌਤ ਦੇ ਸਰਟੀਫ਼ਿਕਟ

***ATIO*** (Association of Translators & Interpreters of Ontario) ਸਰਟੀਫ਼ਾਈਡ ਟਰਾਂਸਲੇਟਰ ਵਲੋਂ ਮੋਹਰ ਸਮੇਤ ਤਸਦੀਕਸ਼ੁਦਾ ਅਨੁਵਾਦ (Translation) ਇਸ ਤੋਂ ਇਲਾਵਾ ਸਕੂਲ, ਕਾਲਜ ਜਾਂ ਯੂਨੀਵਰਸਿਟੀਆਂ ਜਾਂ ਵਿਆਹ ਸ਼ਾਦੀ ਸੰਬੰਧਤ ਸਰਟੀਫ਼ਿਕੇਟ ਅਤੇ ਕਾਨੂੰਨੀ ਜਾਂ ਦੂਜੇ ਦਸਤਾਵੇਜ਼ਾ ਦਾ ਵਾਜਬ ਦਰ ਤੇ ਅਨੁਵਾਦ(Translation) ਕਰਵਾਉਣ ਲਈ ਫੋਨ ਕਰੋ:

**Tel: 905-712-2900**

**ਕੀ ਤੁਸੀਂ ਜਾਣਦੇ ਹੋ ਕਿ ਕੈਨੇਡਾ ਦੇ 57 ਲੱਖ ਤੋਂ ਵੀ ਜ਼ਿਆਦਾ ਲੋਕ ਸ਼ੂਗਰ ਦੀ ਬੀਮਾਰੀ ਯਾਨੀ ਸ਼ੱਕਰ ਰੋਗ ਨਾਲ ਗ੍ਰਸਤ ਹਨ?**

ਸ਼ੂਗਰ ਦੇ ਉਹ ਮਰੀਜ਼ ਜਿਨ੍ਹਾਂ ਨੂੰ ਇਨਸੁਲਿਨ ਲੈਣੀ ਪੈਂਦੀ ਹੈ, ਉਨ੍ਹਾਂ ਲਈ ਹਾਈਪੋਗਲਾਈਸੀਮੀਆ ਇਕ ਲਗਾਤਾਰ ਚਿੰਤਾ ਦਾ ਵਿਸ਼ਾ ਹੋ ਸਕਦਾ ਹੈ। ਹਾਈਪੋ ਬਾਰੇ ਜਾਣਕਾਰ ਰਹਿਣ ਲਈ ਇਸ ਛੋਟੀ ਜਿਹੀ ਪ੍ਰਸ਼ਨਾਵਲੀ ਵਿਚ ਭਾਗ ਲਓ:

ਬੀਤੇ 3 ਮਹੀਨਿਆਂ ਵਿੱਚ ਕੀ ਤੁਹਾਡਾ ਬਲੱਡ ਗਲੂਕੋਜ਼ ਪੱਧਰ ਕਦੇ 4 mmol/L ਤੋਂ ਥੱਲੇ ਗਿਆ ਹੈ?
○ਹਾਂ ○ਨਹੀਂ ○ਪੱਕਾ ਨਹੀਂ ਪਤਾ

ਕੀ ਕਦੇ ਇੱਦਾਂ ਹੋਇਆ ਕਿ ਰਾਤ ਵੇਲੇ ਤੁਹਾਡੇ ਬਲੱਡ ਸ਼ੂਗਰ ਦਾ ਪੱਧਰ ਘੱਟ ਗਿਆ ਜਿਸ ਕਰਕੇ ਤੁਹਾਨੂੰ ਭੈੜੇ ਸੁਪਨੇ ਜਾਂ ਪਸੀਨਾ ਆਉਣ ਵਰਗੀਆਂ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ ਜਿਸ ਕਰਕੇ ਰਾਤ ਵੇਲੇ ਤੁਹਾਡੀ ਨੀਂਦ ਖੁੱਲ੍ਹ ਗਈ।
○ਹਾਂ ○ਨਹੀਂ ○ਪੱਕਾ ਨਹੀਂ ਪਤਾ

ਕੀ ਤੁਹਾਨੂੰ ਕੰਬਣੀ, ਪਸੀਨਾ, ਚੱਕਰ, ਥਕਾਨ ਜਾਂ ਸਿਰਦਰਦ ਮਹਿਸੂਸ ਹੋਇਆ ਹੈ?
○ਹਾਂ ○ਨਹੀਂ ○ਪੱਕਾ ਨਹੀਂ ਪਤਾ

ਬਲੱਡ ਸ਼ੂਗਰ ਨੂੰ ਘਟਣ ਤੋਂ ਰੋਕਣ ਲਈ ਜਾਂ ਇਸ ਦੇ ਇਲਾਜ ਲਈ ਕੀ ਤੁਸੀਂ ਅਕਸਰ ਸਨੈਕਸ ਲੈਂਦੇ ਹੋ?
○ਹਾਂ ○ਨਹੀਂ ○ਪੱਕਾ ਨਹੀਂ ਪਤਾ

ਕੀ ਕਦੇ ਇੱਦਾਂ ਹੋਇਆ ਕਿ ਰਾਤ ਵੇਲੇ ਤੁਹਾਡੇ ਬਲੱਡ ਸ਼ੂਗਰ ਦਾ ਪੱਧਰ ਘੱਟ ਗਿਆ?
○ਹਾਂ ○ਨਹੀਂ ○ਪੱਕਾ ਨਹੀਂ ਪਤਾ

ਕੀ ਤੁਸੀਂ ਜਾਂ ਤੁਹਾਡਾ ਪਰਿਵਾਰ ਅਕਸਰ ਇਸ ਚਿੰਤਾ ਵਿੱਚ ਰਹਿੰਦੇ ਹੋ ਕਿ ਕਿਤੇ ਬਲੱਡ ਸ਼ੂਗਰ ਦਾ ਪੱਧਰ ਘੱਟ ਨਾ ਜਾਵੇ?
○ਹਾਂ ○ਨਹੀਂ ○ਪੱਕਾ ਨਹੀਂ ਪਤਾ

ਜੇ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਇੱਕ ਵੀ ਸਵਾਲ ਦਾ **ਹਾਂ** ਵਿੱਚ ਜਵਾਬ ਦਿੱਤਾ ਸੀ, ਤਾਂ ਆਪਣੇ ਸਿਹਤ ਦੇਖ-ਭਾਲ ਪ੍ਰਦਾਤਾ ਨਾਲ ਗੱਲ ਕਰੋ। ਅਜਿਹੇ ਤਰੀਕੇ ਮੌਜੂਦ ਹਨ ਜਿਨ੍ਹਾਂ ਨੂੰ ਅਪਣਾ ਕੇ ਤੁਸੀਂ **ਹਾਈਪੋਗਲਾਈਸੀਮੀਆ** ਦੇ ਜੋਖਮ ਤੋਂ ਬਚ ਸਕਦੇ ਹੋ।

ਵਧੇਰੀ ਜਾਣਕਾਰੀ ਲੱਭਣ ਲਈ **HypoInfo.ca** ’ਤੇ ਜਾਓ। ਕਿਰਪਾ ਕਰ ਕੇ ਨੋਟ ਕਰੋ ਕਿ ਇਹ ਵੈੱਬਸਾਈਟ ਸਿਰਫ਼ ਅੰਗਰੇਜ਼ੀ ਅਤੇ ਫਰੈਂਚ ਵਿੱਚ ਉਪਲਬਧ ਹੈ।

Novo Nordisk Canada (ਨੋਵੋ ਨੋਰਡਿਸਕ ਕੈਨੇਡਾ) ਤੁਹਾਡੇ ਲਈ ਮਾਣ ਨਾਲ ਪੇਸ਼ ਕਰਦੇ ਹਨ।

**Now Fly**
**TORONTO ⇄ AMRITSAR**
VIA MILAN ON DREAMLINER
EVERY THURSDAY
Starts April 6, 2023



For more details & bookings contact your preferred travel agent
neos
VISIT us.neosair.com

# ਟੀ.ਪੀ.ਏ.ਆਰ. ਕਲੱਬ ਨੇ ਸਲਾਨਾ ਸਮਾਰੋਹ ਵਿਚ ਕ੍ਰਿਸਮਸ ਤੇ ਨਵੇਂ ਸਾਲ ਦੀ ਆਮਦ ਦੀਆਂ ਖ਼ੁਸ਼ੀਆਂ ਸਾਂਝੀਆਂ ਕੀਤੀਆਂ

## ਐੱਮ.ਪੀ. ਮਨਿੰਦਰ ਸਿੱਧੂ, ਡਿਪਟੀ ਮੇਅਰ ਹਰਕੀਰਤ ਸਿੰਘ ਤੇ ਸਕੂਲ-ਟਰੱਸਟੀ ਸੱਤਪਾਲ ਜੌਹਲ ਨੇ ਕੀਤੀ ਸ਼ਿਰਕਤ








ਮਿਸੀਸਾਗਾ/ਡਾ. ਝੰਡ : ਸਰੀਰਕ ਤੇ ਮਾਨਸਿਕ ਸਿਹਤ ਸੰਭਾਲ ਦਾ ਅਮਲੀ ਤੌਰ 'ਤੇ ਸੁਨੇਹਾ ਦੇ ਰਹੀ ਬਰੈਂਪਟਨ ਵਿਚ ਪਿਛਲੇ ਦਸ ਸਾਲਾਂ ਤੋਂ ਸਰਗਰਮ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀ.ਪੀ.ਏ.ਆਰ. ਕਲੱਬ) ਨੇ ਆਪਣਾ ਸਲਾਨਾ ਸਮਾਰੋਹ ਲੰਘੇ ਸ਼ਨੀਵਾਰ 23 ਦਸੰਬਰ ਨੂੰ ਮਿਸੀਸਾਗਾ ਸਥਿਤ ਗਰੇਟਰ ਟੋਰਾਂਟੋ ਮੌਰਗੇਜ' (ਜੀ.ਟੀ.ਐੱਮ.) ਆਫ਼ਿਸ ਦੇ ਪਿਛਲੇ ਹਿੱਸੇ ਵਿਚ ਬਣੇ ਹਾਲ ਵਿਚ ਬੜੀਆਂ ਖ਼ੁਸ਼ੀਆਂ ਤੇ ਚਾਵਾਂ ਨਾਲ ਡਿਨਰ ਦੇ ਰੂਪ ਵਿਚ ਮਨਾਇਆ। ਬਰੈਂਪਟਨ ਈਸਟ ਦੇ ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ, ਬਰੈਂਪਟਨ ਸਿਟੀ ਕੌਂਸਲ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਵਾਰਡ 9-10 ਦੇ ਸਕੂਲ-ਟਰੱਸਟੀ ਤੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਵਾਈਸ-ਚੇਅਰਮੈਨ ਸੱਤਪਾਲ ਸਿੰਘ ਜੌਹਲ ਨੇ ਇਸ ਮੌਕੇ ਉਚੇਚੇ ਤੌਰ 'ਤੇ ਪਹੁੰਚ ਕੇ ਕਲੱਬ ਦੇ ਮੈਂਬਰਾਂ ਨਾਲ ਕ੍ਰਿਸਮਸ ਦੇ ਤਿਓਹਾਰ ਅਤੇ ਨਵੇਂ ਸਾਲ 2024 ਦੀ ਸ਼ੁਭ-ਆਮਦ ਦੀਆਂ ਖ਼ੁਸ਼ੀਆਂ ਸਾਂਝੀਆਂ ਕੀਤੀਆਂ।

ਇਸ ਦੌਰਾਨ ਆਪਣੇ ਸੰਬੋਧਨਾਂ ਵਿਚ ਜਿੱਥੇ ਮਨਿੰਦਰ ਸਿੱਧੂ ਨੇ ਫ਼ੈੱਡਰਲ ਸਰਕਾਰ ਦੀਆਂ ਅਤੇ ਹਰਕੀਰਤ ਸਿੰਘ ਨੇ ਬਰੈਂਪਟਨ ਦੀ ਸਥਾਨਕ ਸਰਕਾਰ ਦੀਆਂ ਇਸ ਸਾਲ ਦੀਆਂ ਮੁੱਖ ਪ੍ਰਾਪਤੀਆਂ ਦਾ ਸੰਖੇਪ ਵਿਚ ਜ਼ਿਕਰ ਕੀਤਾ, ਉੱਥੇ ਸੱਤਪਾਲ ਜੌਹਲ ਨੇ ਸਕੂਲੀ ਵਿਦਿਆਰਥੀਆਂ ਦੀਆਂ ਵਿਗੜ ਰਹੀਆਂ ਆਦਤਾਂ ਬਾਰੇ ਮਾਪਿਆਂ ਨੂੰ ਸੁਚੇਤ ਹੋਣ ਬਾਰੇ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਮਾਪਿਆਂ ਵੱਲੋਂ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਲਿਜਾਣ ਲਈ ਫ਼ੋਨ ਬਿਲਕੁਲ ਨਹੀਂ ਦੇਣੇ ਚਾਹੀਦੇ ਅਤੇ ਘਰਾਂ ਵਿਚ ਵੀ ਉਨ੍ਹਾਂ ਵੱਲੋਂ ਵਰਤੇ ਜਾਣ ਵਾਲੇ ਫ਼ੋਨਾਂ ਦੀ ਨਿਗਰਾਨੀ ਰੱਖਣੀ ਚਾਹੀਦੀ ਹੈ।

ਡਾ. ਸੁਖਦੇਵ ਸਿੰਘ ਝੰਡ ਨੇ ਇਸ ਮੌਕੇ ਬੋਲਦਿਆਂ ਟੀਪੀਏਆਰ ਕਲੱਬ ਦੀਆਂ ਬਰੈਂਪਟਨ ਅਤੇ ਇਸ ਦੇ ਦੂਰ ਨੇੜੇ ਦੇ ਸ਼ਹਿਰਾਂ ਵਿਚ ਹੋਣ ਵਾਲੇ ਦੌੜਾਂ ਦੇ ਈਵੈਂਟਸ ਵਿਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਇਸ ਦੀ ਦਿਨੋਂ-ਦਿਨ ਵੱਧ ਰਹੀ ਲੋਕਪ੍ਰੀਅਤਾ ਬਾਰੇ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਸ ਸਾਲ ਜੁਲਾਈ ਮਹੀਨੇ ਬਰੈਂਪਟਨ ਦੀਆਂ ਅੱਠ ਸਹਿਯੋਗੀ ਜੱਥੇਬੰਦੀਆਂ ਵੱਲੋਂ ਕਰਵਾਏ ਗਏ 'ਇੰਸਪੀਰੇਸ਼ਨਲ ਸਟੈੱਪਸ-2023' ਈਵੈਂਟ ਵਿਚ ਟੀਪੀਏਆਰ ਕਲੱਬ ਮੁੱਖ ਹਿੱਸੇਦਾਰ ਸੀ ਅਤੇ ਅਗਲੇ ਸਾਲ 19 ਮਈ ਨੂੰ ਹੋਣ ਵਾਲੀ 'ਇੰਸਪੀਰੇਸ਼ਨਲ ਸਟੈੱਪਸ-2024' ਵਿਚ ਵੀ ਉਹ ਆਪਣੀ ਮੁੱਖ ਭੂਮਿਕਾ ਨਿਭਾਏਗੀ। ਉਨ੍ਹਾਂ ਨਵੇਂ ਸਾਲ ਬਾਰੇ ਆਪਣੀ ਵਿਅੰਗਾਤਮਿਕ ਕਵਿਤਾ 'ਸਾਡਾ ਕਾਹਦਾ ਨਵਾਂ ਸਾਲ' ਵੀ ਸੁਣਾਈ। ਕਲੱਬ ਦੇ ਮੈਂਬਰ ਜੱਸੀ ਭੁੱਲਰ ਵੱਲੋਂ ਵੀ ਅੱਜ ਦੇ ਹਾਲਾਤ ਬਾਰੇ ਆਪਣੀ ਕਵਿਤਾ ਪੇਸ਼ ਕੀਤੀ ਗਈ।

ਇਸ ਮੌਕੇ ਕਲੱਬ ਦੇ ਸਰਗਰਮ ਮੈਂਬਰਾਂ ਮੈਰਾਥਨ-ਰੱਨਰ 65-ਸਾਲਾ ਧਿਆਨ ਸਿੰਘ ਸੋਹਲ ਅਤੇ ਸੀ. ਐੱਨ. ਟਾਵਰ ਦੀਆਂ 1776 ਪੌੜੀਆਂ 18 ਮਿੰਟ 23 ਸਕਿੰਟਾਂ ਵਿਚ ਚੜ੍ਹਨ ਵਾਲੇ 71-ਸਾਲਾ ਸੁਰਿੰਦਰ ਸਿੰਘ ਨਾਗਰਾ ਨੂੰ ਸ਼ਾਨਦਾਰ ਜੈਕਟਾਂ ਦੇ ਕੇ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਸਨਮਾਨਿਤ ਕਰਨ ਦੀ ਇਹ ਰਸਮ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਸਕੂਲ-ਟਰੱਸਟੀ ਸੱਤਪਾਲ ਜੌਹਲ ਵੱਲੋਂ ਕਲੱਬ ਦੇ ਅਹੁਦੇਦਾਰਾਂ ਤੇ ਸੀਨੀਅਰ ਮੈਂਬਰਾਂ ਵੱਲੋਂ ਮਿਲ ਕੇ ਨਿਭਾਈ ਗਈ।

ਸੁਰਿੰਦਰ ਸਿੰਘ ਨਾਗਰਾ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੰਚ ਦਾ ਸੰਚਾਲਣ ਕਰ ਰਹੇ ਮਨਜੀਤ ਨੋਟਾ ਨੇ ਦੱਸਿਆ ਕਿ ਜਿਉਂ-ਜਿਉਂ ਸੁਰਿੰਦਰ ਨਾਗਰਾ ਦੀ ਉਮਰ ਵੱਧਦੀ ਜਾ ਰਹੀ ਹੈ, ਤਿਉਂ-ਤਿਉਂ ਉਨ੍ਹਾਂ ਵਿਚ ਚੁਸਤੀ-ਫੁਰਤੀ ਦਾ ਵਾਧਾ ਹੋ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸੁਰਿੰਦਰ ਨਾਗਰਾ ਨੇ 13 ਅਪ੍ਰੈਲ 2019 ਨੂੰ ਸੀ.ਐੱਨ. ਟਾਵਰ ਦੀਆਂ ਪੰਡੀਆਂ 19 ਮਿੰਟ 48 ਸਕਿੰਟਾਂ ਵਿਚ ਚੜ੍ਹੀਆਂ ਅਤੇ ਉਹ ਇਸ ਈਵੈਂਟ ਵਿਚ 3345 ਵਿਅੱਕਤੀਆਂ ਵਿਚੋਂ 640 'ਵੇਂ ਸਥਾਨ 'ਤੇ ਰਹੇ। ਇਸ ਸਾਲ ਅਪ੍ਰੈਲ 2023 ਵਿਚ ਉਨ੍ਹਾਂ ਨੇ ਇਹ 19 ਮਿੰਟ 22 ਸਕਿੰਟਾਂ ਵਿਚ ਚੜ੍ਹ ਕੇ 2771 ਵਿਅੱਕਤੀਆਂ ਵਿੱਚੋਂ 391'ਵਾਂ ਸਥਾਨ ਪ੍ਰਾਪਤ ਕੀਤਾਂ ਅਤੇ ਏਸੇ ਸਾਲ ਅਕਤੂਬਰ 2023 ਨੂੰ 18 ਮਿੰਟ 24 ਸਕਿੰਟਾਂ ਵਿਚ ਚੜ੍ਹ ਕੇ 2127 ਵਿਅੱਕਤੀਆਂ ਵਿਚੋਂ 233'ਵੇਂ ਸਥਾਨ 'ਤੇ ਆ ਕੇ ਨਾ ਕੇਵਲ ਆਪਣਾ ਹੀ ਰਿਕਾਰਡ ਤੋੜਿਆ, ਸਗੋਂ ਇਸ ਨਾਲ ਇਹ ਵੀ ਸਾਬਤ ਕਰ ਦਿੱਤਾ ਕਿ ਉਮਰ ਦੇ ਵੱਧਣ ਨਾਲ ਮਨੁੱਖੀ ਸਰੀਰ ਨੂੰ ਹੋਰ ਵੀ ਰਿਸ਼ਟ-ਪੁਸ਼ਟ ਅਤੇ ਤੰਦਰੁਸਤ ਰੱਖਿਆ ਜਾ ਸਕਦਾ ਹੈ। ਇਸ ਮੌਕੇ ਕਲੱਬ ਵੱਲੋਂ ਇਸ ਮੌਕੇ ਖਾਣ-ਪੀਣ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਅਤੇ ਹੱਸਣ-ਖੇਡਣ ਅਤੇ ਖ਼ੁਸੀਆਂ ਮਨਾਉਣ ਦਾ ਇਹ ਸਿਲਸਿਲਾ ਕਾਫ਼ੀ ਦੇਰ ਤੱਕ ਚੱਲਦਾ ਰਿਹਾ।

ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਕਲੱਬ ਦੀਆਂ ਸਰਗਰਮੀਆਂ ਨੂੰ ਬਹੁਤ ਸਾਰੇ ਬਿਜ਼ਨੈੱਸ-ਅਦਾਰਿਆਂ ਵੱਲੋਂ ਹੱਲਾਸ਼ੇਰੀ ਦੇ ਕੇ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਜਿੱਥੇ ਜੀ.ਟੀ.ਐੱਮ. ਰੌਜਰਜ਼ ਟਾਇਰ ਅਤੇ ਹੋਰ ਕਈ ਬਿਜ਼ਨੈੱਸ ਅਦਾਰੇ ਪਿਛਲੇ ਕਈ ਸਾਲਾਂ ਤੋਂ ਇਸ ਦੀ ਲਗਾਤਾਰ ਹੌਸਲਾ-ਅਫ਼ਜ਼ਾਈ ਕਰ ਰਹੇ ਹਨ, ਉੱਥੇ ਇਸ ਸਾਲ 'ਲਾਇਟੋ ਇੰਮੀਗਰੇਸ਼ਨ ਲਿਮਿਟਡ' ਦੇ ਵਿਸ਼ਾਲ ਸੈਣੀ, 'ਵਾਈਟਕਲਿੱਫ਼ ਹੋਮਜ਼' ਦੇ ਗੁਰਪ੍ਰੀਤ ਬੈਂਸ, 'ਕੌਨਿਕਸ ਇੰਨਸ਼ੋਅਰੈਂਸ' ਦੇ ਤਜਿੰਦਰ ਬੇਦੀ ਅਤੇ 'ਐੱਕਸਲ ਇੰਨਸ਼ੋਅਰੈਂਸ' ਦੇ ਕੁਲਦੀਪ ਸਿੰਘ ਚਾਹਲ ਜਿਨਾਂ ਦਾ ਬੇਟਾ ਤਰਨਪ੍ਰੀਤ ਚਾਹਲ ਪੀ.ਸੀ. ਪਾਰਟੀ ਵੱਲੋਂ ਅਗਲੀ ਐੱਮ.ਪੀ. ਚੋਣ ਲਈ ਬਰਲਿੰਗਟਨ ਤੋਂ ਨੌਮੀਨੇਸ਼ਨ ਲਈ ਚੋਣ ਲੜ ਰਿਹਾ ਹੈ, ਨੇ ਵੀ ਇਸ ਹੱਲਾਸ਼ੇਰੀ ਵਿਚ ਭਰਪੂਰ ਹਿੱਸਾ ਪਾਇਆ।












# ਮਾਂ ਬੋਲੀ ਨੂੰ ਸਮਰਪਿਤ ਰਹੀ ਡਾ. ਦਲਬੀਰ ਸਿੰਘ ਕਥੂਰੀਆ ਦੀ ਪੰਜਾਬ ਫੇਰੀ








ਕੈਨੇਡਾ ਵਿੱਚ ਰਹਿ ਕੇ ਵੀ ਆਪਣੀ ਮਾਂ ਬੋਲੀ ਪੰਜਾਬੀ ਦੇ ਵਿਸ਼ਵ ਪੱਧਰ ’ਤੇ ਪ੍ਰਚਾਰ ਅਤੇ ਪਸਾਰ ਲਈ ਆਪਣਾ ਯੋਗਦਾਨ ਪਾਉਣ ਵਾਲੇ ਡਾ ਦਲਬੀਰ ਸਿੰਘ ਕਥੂਰੀਆ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕਨੇਡਾ ਪਿਛਲੇ ਦਿਨੀਂ ਪੰਜਾਬ ਵਿੱਚ ਹੋ ਰਹੇ ਸਮਾਗਮਾਂ ਵਿੱਚ ਸ਼ਿਰਕਤ ਕਰਨ ਲਈ ਉਚੇਚੇ ਤੌਰ ’ਤੇ ਪੰਜਾਬ ਆਏ।

ਪੰਜਾਬੀ ਸਾਹਿਤ ਸਭਾ ਮੁਹਾਲੀ ਵੱਲੋਂ 16 ਦਸੰਬਰ ਨੂੰ ‘ਪਹਿਲਾ ਪ੍ਰੋਫੈਸਰ ਦੀਪਕ ਪੰਜਾਬੀ ਸੱਭਿਆਚਾਰਕ ਮੇਲਾ ਮੁਹਾਲੀ’ ਉਨ੍ਹਾਂ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਜਿਸ ਵਿੱਚ ਪੰਜਾਬੀ ਸਾਹਿਤ ਦੀਆਂ ਮਹਾਨ ਸ਼ਖ਼ਸੀਅਤਾਂ ਅਤੇ ਗਾਇਕਾਂ ਨੇ ਮੇਲੇ ਦੀ ਰੌਣਕ ਨੂੰ ਚਾਰ ਚੰਨ ਲਾਇਆ।

ਵਿਸ਼ਵ ਪੰਜਾਬੀ ਸਭਾ ਕਨੇਡਾ ਵੱਲੋਂ ਡਾ ਮਨਮੋਹਨ ਦੀਪਕ ਨੂੰ ਉਮਰ ਭਰ ਦੀਆਂ ਸੇਵਾਵਾਂ ਬਦਲੇ ਅਵਾਰਡ ਦੇ ਕੇ ਸਨਮਾਨਿਤ ਕੀਤਾ ਅਤੇ ਮੇਲੇ ਵਿੱਚ ਸ਼ਾਮਿਲ ਗਾਇਕ ਕਲਾਕਾਰਾਂ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ’ਤੇ ਵਿਸ਼ਵ ਪੰਜਾਬੀ ਸਭਾ ਕਨੇਡਾ ਭਾਰਤੀ ਚੈਪਟਰ ਦੀ ਕੌਮੀ ਪ੍ਰਧਾਨ ਲੈਕਚਰਾਰ ਬਲਬੀਰ ਕੌਰ ਰਾਏਕੋਟੀ, ਜਨਰਲ ਸਕੱਤਰ ਕੰਵਲਜੀਤ ਸਿੰਘ ਲੱਕੀ ਲੁਧਿਆਣਾ, ਸੰਧੂ ਵਰਿਆਣਵੀਂ ਸਲਾਹਕਾਰ, ਡਾ ਰਮਨਦੀਪ ਸਿੰਘ ਦੀਪ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ, ਸਾਹਿਬਾ ਜੀਟਨ ਕੌਰ ਫਗਵਾੜਾ, ਸਤਵਿੰਦਰ ਸਿੰਘ ਧੜਾਕ ਜ਼ਿਲ੍ਹਾ ਪ੍ਰਧਾਨ ਚੰਡੀਗੜ੍ਹ, ਸੰਦੀਪ ਸ਼ਰਮਾ, ਰਵਿੰਦਰ ਸਿੰਘ ਸੈਂਪਲਾ ਚੰਡੀਗੜ੍ਹ, ਸਤਵਿੰਦਰ ਸਿੰਘ ਪਟਿਆਲਾ, ਅਮਰਜੀਤ ਸਿੰਘ ਬਠਿੰਡਾ, ਰਵੀ ਦੇਵਗਨ ਰਾਏਕੋਟ, ਮਨਜੀਤ ਇੰਦਰਾ, ਡਾ ਹਰਜੀਤ ਸਿੰਘ ਸੱਧਰ, ਹਰਜਿੰਦਰ ਸੱਧਰ, ਸੋਨੀਆ ਭਾਰਤੀ, ਸੰਦੀਪ ਕੌਰ ਚੀਮਾ ਪਰਮਜੀਤ ਕੌਰ ਲੌਂਗੋਵਾਲ ਜ਼ਿਲ੍ਹਾ ਪ੍ਰਧਾਨ ਸੰਗਰੂਰ ਅਤੇ ਹੋਰ ਮੈਂਬਰ ਸਾਹਿਬਾਨ ਮੇਲੇ ਵਿੱਚ ਸ਼ਾਮਿਲ ਹੋਏ। ਮੁਹੰਮਦ ਰਫ਼ੀ ਸਾਬ੍ਹ ਦੇ ਜਨਮ ਦਿਨ ’ਤੇ ਵਿਸ਼ੇਸ਼ ਪ੍ਰੋਗਰਾਮ ਜੋ ਕਿ ਰਫ਼ੀ ਮੈਮੋਰੀਅਲ ਕਲਚਰਲ ਸੁਸਾਇਟੀ (ਰਜਿ:) ਵੱਲੋਂ ‘ਰਫ਼ੀ ਨਾਈਟ’ 16 ਦਸੰਬਰ ਦੀ ਸ਼ਾਮ ਨੂੰ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ ਦਲਬੀਰ ਸਿੰਘ ਕਥੂਰੀਆ ਵੱਲੋਂ ਗੈਸਟ ਆਫ਼ ਆਨਰ ਵਜੋਂ ਕੀਤੀ ਗਈ। ਜਿਸ ਵਿੱਚ ਬੰਬਈ ਤੋਂ ਆਏ ਗਾਇਕ ਰਾਜੇਸ਼ ਪਨਵਾਰ ਅਤੇ ਟੀਮ ਨੇ ਰਫ਼ੀ ਸਾਬ੍ਹ ਦੇ ਗੀਤ ਗਾਏ ਅਤੇ ਉਨ੍ਹਾਂ ਦੇ ਜੀਵਨ ਨੂੰ ਸਮਰਪਿਤ ਸਮਾਗਮ ਇੱਕ ਯਾਦਗਾਰ ਹੋ ਨਿੱਬੜਿਆ। ਡਾ ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਆਪਣੀ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਲਈ ਰਫ਼ੀ ਸਾਬ੍ਹ ਨੇ ਪੰਜਾਬੀ ਵਿੱਚ ਸਦਾਬਹਾਰ ਗੀਤ ਗਾ ਕੇ ਸਦਾ ਲਈ ਅਮਰ ਕੀਤਾ ਹੈ। ਅੱਜ ਬਾਲੀਵੁੱਡ ਦੀਆਂ ਫਿਲਮਾਂ ਵਿੱਚ ਪੰਜਾਬੀ ਕਲਾਕਾਰਾਂ ਅਤੇ ਗਾਇਕਾਂ ਨੇ ਆਪਣੀ ਵੱਖਰੀ ਪਹਿਚਾਣ ਬਣਾਈ ਹੈ ਅਤੇ ਪੰਜਾਬੀ ਬੋਲੀ ਨੂੰ ਹੋਰ ਅੱਗੇ ਵਧਾਉਣ ਲਈ ਆਪਣਾ ਯੋਗਦਾਨ ਪਾਇਆ ਹੈ। ਜਿਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਆਪਣੀ ਸੰਸਥਾ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ।

ਇਸ ਸੰਸਥਾ ਦੇ ਪ੍ਰਧਾਨ ਜੀ ਐੱਸ ਗਰੇਵਾਲ ਆਈ ਏ ਐੱਸ (ਰਿਟਾ.), ਜਨਰਲ ਸਕੱਤਰ ਬਾਲ ਮੁਕੰਦ ਸ਼ਰਮਾ ਸਹਾਇਕ ਐਮ ਡੀ ਮਾਰਕਫੈੱਡ ਅਤੇ ਸਮੁੱਚੀ ਟੀਮ ਵੱਲੋਂ ਡਾ ਦਲਬੀਰ ਸਿੰਘ ਕਥੂਰੀਆ ਦਾ ਵਿਸ਼ੇਸ਼ ਸਨਮਾਨ ਅਤੇ ਧੰਨਵਾਦ ਕੀਤਾ।





ਲੁਧਿਆਣਾ : ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਕੈਨੇਡਾ, ਯੂ ਕੇ ਤੇ ਇਟਲੀ ਤੋਂ ਆਏ ਪਰਵਾਸੀ ਲੇਖਕਾਂ ਨਾਲ ਮਿਲਣੀ ਤੇ ਬਿੰਦੂ ਦਲਵੀਰ ਕੌਰ ਕੈਨੇਡਾ ਦੇ ਗ਼ਜ਼ਲ ਸੰਗ੍ਰਹਿ “ਹਰਫ ਇਲਾਹੀ” ਦਾ ਲੋਕ ਅਰਪਣ ਸਮਾਗਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਦਲਬੀਰ ਸਿੰਘ ਕਥੂਰੀਆ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕਨੇਡਾ ਤੇ ਬਾਨੀ ਵਿਸ਼ਵ ਪੰਜਾਬੀ ਭਵਨ ਟੋਰਾਂਟੋ ਵੱਲੋਂ ਕੀਤੀ ਗਈ।



ਪ੍ਰੋਫੈਸਰ ਗੁਰਭਜਨ ਸਿੰਘ ਗਿੱਲ ਪ੍ਰਧਾਨ ਪੰਜਾਬੀ ਲੋਕ ਵਿਰਾਸਤ ਅਕੈਡਮੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਲੇਖਕ ਪੰਜਾਬੀਅਤ ਦੇ ਅਸਲ ਰਾਜਦੂਤ ਹਨ। ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਡਾ ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਅਜਿਹੇ ਸਾਹਿਤਕ ਪ੍ਰੋਗਰਾਮ ਪਰਵਾਸੀ ਲੇਖਕਾਂ ਨੂੰ ਉਤਸ਼ਾਹਿਤ ਕਰਨ ਹਿੱਤ ਜ਼ਰੂਰੀ ਹਨ। ਇਸ ਸਮਾਗਮ ਦਾ ਹਿੱਸਾ ਬਣ ਕੇ ਉਹ ਆਪਣੇ ਆਪ ਵਿੱਚ ਮਾਣ ਮਹਿਸੂਸ ਕਰਦੇ ਹਨ। ਸਮਾਗਮ ਵਿੱਚ ਡਾ. ਦਲਬੀਰ ਸਿੰਘ ਕਥੂਰੀਆ, ਡਾ. ਤਾਰਾ ਸਿੰਘ ਆਲਮ ਯੂ ਕੇ, ਦਲਜਿੰਦਰ ਰਹਿਲ ਇਟਲੀ, ਬਿੰਦੂ ਦਲਵੀਰ ਕੌਰ ਸਰੀ ਕਨੇਡਾ, ਕੁਲਵਿੰਦਰ ਪਾਲ ਯੂ ਕੇ, ਡਾ. ਗੁਰਇਕਬਾਲ ਸਿੰਘ ਤੇ ਚਮਕੌਰ ਸਿੰਘ ਸੇਖੋਂ ਸਰੀ ਕੈਨੇਡਾ ਨੂੰ ਸ. ਹਰਸ਼ਰਨ ਸਿੰਘ ਨਰੂਲਾ ਆਨਰੇਰੀ ਜਨਰਲ ਸਕੱਤਰ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਲੁਧਿਆਣਾ, ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰੋ. ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ.ਜੀ.ਐਨ.ਆਈ.ਐਮ.ਟੀ., ਵਿਸ਼ਵ ਪੰਜਾਬੀ ਸਭਾ ਦੀ ਭਾਰਤੀ ਪ੍ਰਧਾਨ ਬਲਬੀਰ ਕੌਰ ਰਾਏਕੋਟੀ, ਕੰਵਲਜੀਤ ਸਿੰਘ ਲੱਕੀ ਲੁਧਿਆਣਾ ਜਨਰਲ ਸਕੱਤਰ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਦੀਪ ਜਗਦੀਪ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਮਨਦੀਪ ਕੌਰ ਰੰਧਾਵਾ ਤੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਸਾਹਿਬਾਨ ਹਾਜ਼ਰ ਰਹੇ।

ਅੱਜ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪਸਾਰ ਲਈ ਬੱਚਿਆਂ ਨੂੰ ਆਪਣੇ ਸੱਭਿਆਚਾਰ ਤੇ ਵਿਰਸੇ ਨਾਲ ਜੋੜਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਫਗਵਾੜਾ ਦੇ ਨਜ਼ਦੀਕ ਪਿੰਡ ਵਿੱਚ ਨਵ ਭਾਰਤ ਸਕੂਲ ਪਾਂਸ਼ਟਾ ਵਿਖੇ ਸਮੂਹ ਸਕੂਲ ਦੇ ਸਟਾਫ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੇ ਕਵਿਤਾ ਉਚਾਰਣ ਮੁਕਾਬਲੇ, ਚਿੱਤਰਕਾਰੀ ਮੁਕਾਬਲੇ, ਸੱਭਿਆਚਾਰਕ ਗੀਤ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਡਾਕਟਰ ਦਲਬੀਰ ਸਿੰਘ ਕਥੂਰੀਆ, ਸੰਧੂ ਵਰਿਆਣਵੀ, ਬਲਬੀਰ ਕੌਰ ਰਾਏਕੋਟੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੈਡਮ ਜੀਟਨ ਕੌਰ ਬਾਂਸਲ ਦੀ ਅਗਵਾਈ ਹੇਠ ਇਹ ਸਮਾਗਮ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਵਿਦਿਆਰਥਣਾਂ ਵੱਲੋਂ ਸ਼ਬਦ ਗਾਇਨ ਕਰਕੇ ਕੀਤੀ ਗਈ। ਵਿਦਿਆਰਥੀਆਂ ਨੂੰ ਮੈਡਲ, ਸਰਟੀਫਿਕੇਟ ਅਤੇ ਬਾਲ ਪੁਸਤਕ ਭੇਂਟ ਕੀਤੀ ਗਈ।

ਵਿਸ਼ਵ ਪੰਜਾਬੀ ਭਵਨ ਬਰੈਂਪਟਨ (ਟੋਰਾਂਟੋ) ਕੈਨੇਡਾ ਦੇ ਸੰਸਥਾਪਕ ਡਾ. ਦਲਬੀਰ ਸਿੰਘ ਕਥੂਰੀਆ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਨਵੇਂ ਸਰਪ੍ਰਸਤ ਬਣੇ ਹਨ। ਉਨ੍ਹਾਂ ਸਰਪ੍ਰਸਤ ਵਜੋਂ ਆਪਣੀ ਮੈਂਬਰਸ਼ਿਪ ਦਾ ਇੱਕ ਲੱਖ ਰੁਪਿਆ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੂੰ ਭੇਂਟ ਕੀਤਾ।

ਡਾ. ਕਥੂਰੀਆ ਨੇ ਕਿਹਾ ਕਿ ਅੱਜ ਮੈਨੂੰ 70 ਸਾਲ ਪੁਰਾਣੀ ਸੰਸਥਾ ਨਾਲ ਜੁੜ ਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਪੰਜਾਬੀ ਭਾਸ਼ਾ ਸਾਹਿੱਤ ਤੇ ਸੱਭਿਆਚਾਰ ਦੇ ਵਿਕਾਸ ਲਈ ਮੋਢੇ ਨਾਲ ਮੋਢਾ ਜੋੜ ਕੇ ਪੂਰੇ ਵਿਸ਼ਵ ਵਿੱਚ ਕੰਮ ਕਰੇਗੀ।

ਉਨ੍ਹਾਂ ਇਸ ਗੱਲ ’ਤੇ ਵੀ ਮਾਣ ਮਹਿਸੂਸ ਕੀਤਾ ਕਿ ਡਾ. ਸ ਪ ਸਿੰਘ ਤੇ ਪ੍ਰੋ. ਗੁਰਭਜਨ ਸਿੰਘ ਗਿੱਲ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਹੋਣ ਕਾਰਨ ਹੀ ਮੈਂ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਤੇ ਇਸ ਦਾ ਹੈੱਡ ਕੁਆਰਟਰ ਪੰਜਾਬੀ ਭਵਨ ਨਾਲ ਜੁੜ ਸਕਿਆ ਹਾਂ ਜੋ ਸਾਡੇ ਸਭ ਪੰਜਾਬੀਆਂ ਲਈ ਤੀਰਥ ਵਾਂਗ ਹੈ ਕਿਉਂਕਿ ਇਹ ਲੇਖਕਾਂ ਵਿਦਵਾਨਾਂ ਤੇ ਸੱਭਿਆਚਾਰਕ ਕਾਮਿਆਂ ਦਾ ਆਪਣਾ ਘਰ ਹੈ।

## ਵਿਸ਼ਵ ਭਰ ਵਿੱਚ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਲੋੜ : ਡਾ: ਕਥੂਰੀਆ



ਫਗਵਾੜਾ : ਪੰਜਾਬੀ ਲੇਖਕਾਂ ਅਤੇ ਪੰਜਾਬੀ ਪਿਆਰਿਆਂ ਨਾਲ ਕੀਤੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਸ਼ਵ ਪੰਜਾਬੀ ਸਭਾ, ਕਨੇਡਾ ਦੇ ਚੇਅਰਮੈਨ ਡਾ: ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਵਿਸ਼ਵ ਭਰ ਵਿੱਚ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਿਰੰਤਰ ਯਤਨਾਂ ਦੀ ਲੋੜ ਹੈ। ਇਸੇ ਲੋੜ ਨੂੰ ਧਿਆਨ ’ਚ ਰੱਖਦਿਆਂ ਕੈਨੇਡਾ ਵਿੱਚ ਵਿਸ਼ਵ ਪੰਜਾਬੀ ਸਭਾ ਦਾ ਗਠਨ ਕੀਤਾ ਗਿਆ ਹੈ ਜੋ ਕਿ ਵਿਸ਼ਵ ਭਰ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਕੰਮ ਕਰ ਰਹੇ ਲੋਕਾਂ, ਸੰਸਥਾਵਾਂ ਨੂੰ ਇੱਕ ਸਾਂਝੇ ਪਲੇਟਫਾਰਮ ਉੱਤੇ ਲਿਆਏਗੀ। ਇਸੇ ਮੰਤਵ ਨਾਲ ਪੰਜਾਬ ਭਵਨ ਬਰੈਂਪਟਨ ਵਿਖੇ ਪੰਜਾਬ ਭਵਨ ਉਸਾਰਿਆ ਗਿਆ ਹੈ ਅਤੇ ਵੱਖੋ-ਵੱਖਰੇ ਦੇਸ਼ਾਂ ਖਾਸ ਕਰਕੇ ਪੰਜਾਬ ਵਿਚ ਇਸ ਸੰਸਥਾ ਦੀਆਂ ਸਰਗਰਮੀਆਂ ਵਧਾਈਆਂ ਜਾ ਰਹੀਆਂ ਹਨ। ਫਗਵਾੜਾ ਵਿਖੇ ਡਾ: ਦਲਬੀਰ ਸਿੰਘ ਕਥੂਰੀਆ ਅਤੇ ਪ੍ਰੋ ਬਲਬੀਰ ਕੌਰ ਰਾਏਕੋਟੀ ਪ੍ਰਧਾਨ ਭਾਰਤ ਚੈਪਟਰ ਦਾ ਸਕੇਪ ਸਾਹਿੱਤਕ ਸੰਸਥਾ ਦੇ ਪ੍ਰਧਾਨ ਪਰਵਿੰਦਰਜੀਤ ਸਿੰਘ, ਸਾਬਕਾ ਪ੍ਰਧਾਨ ਬਲਦੇਵ ਰਾਜ ਕੋਮਲ, ਸਾਬਕਾ ਪ੍ਰਧਾਨ ਰਵਿੰਦਰ, ਸਾਬਕਾ ਪ੍ਰਧਾਨ ਕਰਮਜੀਤ ਸਿੰਘ ਸੰਧੂ, ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ, ਵਿਜੈ ਕੁਮਾਰ ਜਨਰਲ ਸਕੱਤਰ, ਮੀਤ ਪ੍ਰਧਾਨ ਰਵਿੰਦਰ ਰਾਏ ਅਤੇ ਉੱਘੇ ਵਕੀਲ ਐਸ.ਐਲ. ਵਿਰਦੀ ਅਤੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਸਵਾਗਤ ਕੀਤਾ। ਇਸ ਸਮੇਂ ਬੋਲਦਿਆਂ ਐਡਵੋਕੇਟ ਐਸ .ਐਲ. ਵਿਰਦੀ ਨੇ ਕਿਹਾ ਕਿ ਫਗਵਾੜਾ ਵਿਦਿਅਕ, ਸਾਹਿੱਤਕ, ਸਭਿਆਚਾਰਕ ਸਰਗਰਮੀਆਂ ਦਾ ਧੁਰਾ ਹੈ ਅਤੇ ਇਥੋਂ ਦੇ ਲੇਖਕ, ਚਿੰਤਕ, ਲਗਾਤਾਰ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਯਤਨਸ਼ੀਲ ਹਨ।





